Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 120 | Friday, June 18, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਕਸ਼ੈਚਵਾਨ ਵਿੱਚ ਤੇਜ਼ੀ ਨਾਲ ਵਿਗੜ ਰਹੇ ਹਨ ਹਾਲਾਤ, ਮੱਠੀ ਰਫਤਾਰ ਨਾਲ ਪਹੁੰਚ ਰਹੀ ਹੈ ਮੱਦਦ : ਚੀਫ ਲੀਓ




ਓਨਟਾਰੀਓ 'ਚ ਮੁੱਖ ਪਾਰਟੀਆਂ ਨੇ ਗੈਰਰਸਮੀ ਚੋਣ ਮੁਹਿੰਮ ਦੀ ਕੀਤੀ ਸ਼ੁਰੂਆਤ !




# ਕੈਨੇਡਾ ਨੂੰ ਮੌਡਰਨਾ ਦੀਆਂ ਇਕ ਮਿਲੀਅਨ ਡੋਜ਼ਾਂ ਹੋਰ ਭੇਜੇਗਾ ਅਮਰੀਕਾ

## ਸਰਹੱਦ ਖੋਲ੍ਹਣ ਦੀ ਮੰਗ ਨੇ ਵੀ ਜ਼ੋਰ ਫੜ੍ਹਿਆ

ਓਟਵਾ, 17 ਜੂਨ (ਪੋਸਟ ਬਿਊਰੋ) : ਅਮਰੀਕਾ ਵੱਲੋਂ ਕੈਨੇਡਾ ਨੂੰ ਮੌਡਰਨਾ ਵੈਕਸੀਨ ਦੀਆਂ ਇੱਕ ਮਿਲੀਅਨ ਡੋਜ਼ਾਂ ਹੋਰ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਕੈਨੇਡਾ ਤੇ ਅਮਰੀਕਾ ਵਿੱਚ ਟਰੈਵਲ ਸ਼ੁਰੂ ਕਰਨ ਦੇ ਨਾਲ ਨਾਲ ਕੁਆਰਨਟੀਨ ਮਾਪਦੰਡਾਂ ਵਿੱਚ ਢਿੱਲ ਦੇਣ ਦੀ ਵੀ ਮੰਗ ਕੀਤੀ ਜਾ ਰਹੀ ਹੈ।

ਵੀਰਵਾਰ ਨੂੰ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਟਵੀਟ ਕਰਕੇ ਅਮਰੀਕਾ ਵੱਲੋਂ ਮਿਲਣ ਵਾਲੀ ਮੌਡਰਨਾ ਦੀ ਤਾਜ਼ੀ ਖੇਪ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਬਾਇਡਨ ਪ੍ਰਸ਼ਾਸਨ ਤੇ ਅਮਰੀਕਾ ਵਿੱਚ ਕੈਨੇਡਾ ਦੇ ਅੰਬੈਸਡਰ ਕਰਸਟਿਨ ਹਿੱਲਮੈਨ ਦਾ ਵੀ ਸ਼ੁਕਰੀਆ ਅਦਾ ਕੀਤਾ। ਇਹ ਖੇਪ ਸਰਕਾਰ ਦੇ ਕਾਂਟਰੈਕਟ ਤੋਂ ਬਾਹਰ ਕੰਪਨੀ ਵੱਲੋਂ ਹੀ ਦਿੱਤੀ ਜਾ ਰਹੀ ਹੈ ਤੇ ਇਹ ਰਾਸ਼ਟਰਪਤੀ ਵੱਲੋਂ ਗਲੋਬਲ ਵੈਕਸੀਨ ਡੋਨੇਸ਼ਨ ਸਟਰੈਟੇਜੀ ਸਬੰਧੀ ਪਹਿਲਾਂ ਕੀਤੇ ਗਏ ਐਲਾਨ ਦਾ ਹੀ ਹਿੱਸਾ ਹੈ। ਇਹ ਡੋਜ਼ਾਂ ਅੱਜ ਸ਼ਾਮ ਤੱਕ ਕੈਨੇਡਾ ਪਹੁੰਚ ਜਾਣਗੀਆਂ ਤੇ ਇਨ੍ਹਾਂ ਨਾਲ ਕੈਨੇਡਾ ਨੂੰ ਮੌਡਰਨਾ ਦੀਆਂ ਮਿਲੀਆਂ ਕੁੱਲ ਡੋਜ਼ਾਂ 10.1 ਮਿਲੀਅਨ ਹੋ ਜਾਣਗੀਆਂ।




ਇਸੇ ਦਿਨ ਟੂਰਿਜ਼ਮ ਗਰੁੱਪਜ਼ ਤੇ ਕੈਨੇਡੀਅਨ ਅਤੇ ਅਮਰੀਕੀ ਸਿਆਸਤਦਾਨਾਂ ਨੇ ਸਰਹੱਦਾਂ ਨੂੰ ਖੋਲ੍ਹਣ ਦੀ ਲੋੜ ਦੇ ਸਬੰਧ ਵਿੱਚ ਪੈਨਲ ਡਿਸਕਸ਼ਨ ਵਿੱਚ ਹਿੱਸਾ ਲਿਆ। ਇਸ ਦੌਰਾਨ ਤਬਾਹ ਹੋ ਰਹੀਆਂ ਇੰਡਸਟਰੀਜ਼ ਤੇ ਠੱਪ ਹੋ ਰਹੇ ਕਾਰੋਬਾਰਾਂ ਨੂੰ ਬਚਾਉਣ ਲਈ ਸਰਹੱਦਾਂ ਖੋਲ੍ਹਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ। ਇਹ ਸਰਹੱਦੀ ਪਾਬੰਦੀਆਂ 21 ਜੂਨ ਨੂੰ ਮੁੱਕਣ ਜਾ ਰਹੀਆਂ ਹਨ। ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਨੇ ਇਸ ਹਫਤੇ ਇਹ ਸੰਕੇਤ ਦਿੱਤਾ ਸੀ ਕਿ ਇਨ੍ਹਾਂ ਪਾਬੰਦੀਆਂ ਸਬੰਧੀ ਮਿਥੀ ਗਈ ਡੈੱਡਲਾਈਨ ਤੋਂ ਪਹਿਲਾਂ ਹੀ ਸਰਕਾਰ ਕੋਈ ਫੈਸਲਾ ਜ਼ਰੂਰ ਕਰੇਗੀ।

# ਪੰਜਾਬੀ ਮੂਲ ਦੇ ਵਿਅਕਤੀ ਦੀ ਮਿਲੀ ਲਾਸ਼

## ਸ਼ਹੁ ਟਿਕਾਣੇ ਬਾਰੇ ਭਾਲ ਕਰ ਰਹੀ ਹੈ ਹੋਮੀਸਾਈਡ ਯੂਨਿਟ

ਮਿਸੀਸਾਗਾ, 17 ਜੂਨ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਮ੍ਰਿਤਕ ਪਾਏ ਗਏ ਇੱਕ ਵਿਅਕਤੀ ਦੇ ਸਬੰਧ ਵਿੱਚ ਪੀਲ ਪੁਲਿਸ ਦੀ ਹੋਮੀਸਾਈਡ ਯੂਨਿਟ ਵੱਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।




12 ਜੂਨ ਨੂੰ ਸਵੇਰੇ 6:00 ਵਜੇ ਜਾਂਚਕਾਰਾਂ ਨੂੰ ਡੈਰੀ ਗ੍ਰੀਨਵੇਅ ਪਾਰਕ ਵਿਖੇ ਗ੍ਰੀਨਸਪੇਸ ਉੱਤੇ ਸੱਦਿਆ ਗਿਆ। ਇੱਕ 27 ਸਾਲਾ ਵਿਅਕਤੀ ਜ਼ਮੀਨ ਉੱਤੇ ਪਿਆ ਸੀ ਤੇ ਉਸ ਦਾ ਸਾਹ ਸਤ ਨਹੀਂ ਸੀ ਚੱਲ ਰਿਹਾ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸਿਮਰਨਜੀਤ ਸਿੰਘ ਸਿੱਧੂ ਵਜੋਂ ਹੋਈ ਹੈ ਤੇ ਉਸ ਦੇ ਪੱਕੇ ਪਤੇ ਬਾਰੇ ਵੀ ਕੋਈ ਜਾਣਕਾਰੀ ਨਹੀ ਮਿਲੀ। ਉਸ ਨੂੰ ਮਾਲਟਨ ਏਰੀਆ ਵਿੱਚ ਅਕਸਰ ਵੇਖਿਆ ਗਿਆ।

ਹੋਮੀਸਾਈਡ ਯੂਨਿਟ ਸਿੱਧੂ ਦੇ ਕਿਸੇ ਵੀ ਜਾਣਕਾਰ ਨਾਲ ਜਾਂ ਕਿਸੇ ਅਜਿਹੇ ਸ਼ਖਸ ਨਾਲ ਸੰਪਰਕ ਕਰਨਾ ਚਾਹੁੰਦੀ ਹੈ ਜਿਸ ਨੇ 10 ਜੂਨ ਤੇ 12 ਜੂਨ ਦਰਮਿਆਨ ਸਿੱਧੂ ਨੂੰ ਵੇਖਿਆ ਹੋਵੇ।

# ਬਿੱਲ ਸੀ-15 ਸੈਨੇਟ ਵਲੋਂ ਪਾਸ

ਓਟਵਾ, 17 ਜੂਨ (ਪੋਸਟ ਬਿਊਰੋ) : ਸੈਨੇਟ ਵੱਲੋਂ ਬਿੱਲ ਸੀ-15 ਪਾਸ ਕਰ ਦਿੱਤਾ ਗਿਆ ਹੈ। ਇਸ ਵਿੱਚ ਕੈਨੇਡੀਅਨ ਕਾਨੂੰਨ ਅਤੇ ਯੂਨਾਈਟਿਡ ਨੇਸ਼ਨਜ਼ ਡੈਕਲੇਰੇਸ਼ਨ ਆਨ ਦ ਰਾਈਟਸ ਆਫ ਇੰਡੀਜੀਨਸ ਪੀਪਲ (ਯੂ ਐਨ ਡੀ ਆਰ ਆਈ ਪੀ) ਨਾਲ ਤਾਲਮੇਲ ਬਿਠਾਉਣ ਦੀ ਗੱਲ ਕੀਤੀ ਗਈ ਹੈ। ਇਸ ਐਲਾਨਨਾਮੇ ਨੂੰ ਸੰਯੁਕਤ ਰਾਸ਼ਟਰ ਵੱਲੋਂ 2007 ਵਿੱਚ ਅਪਣਾਇਆ ਗਿਆ ਸੀ।



ਚਿਰਾਂ ਤੋਂ ਉਡੀਕਿਆ ਜਾ ਰਿਹਾ ਇਹ ਬਿੱਲ ਸੈਨੇਟ ਵਿੱਚ 10 ਦੇ ਮੁਕਾਬਲੇ 61 ਵੋਟਾਂ ਨਾਲ ਪਾਸ ਹੋਇਆ, ਗੈਰ ਹਾਜ਼ਰ ਹੋਣ ਕਾਰਨ ਨੌਂ ਮੈਂਬਰ ਇਸ ਪ੍ਰਕਿਰਿਆ ਵਿੱਚ ਹਿੱਸਾ ਨਹੀਂ ਲੈ ਸਕੇ। ਹਾਲਾਂਕਿ ਬਿੱਲ ਵਿੱਚ ਅਕਸਰ ਯੂ ਐਨ ਡੀ ਆਰ ਆਈ ਪੀ ਨੂੰ ਕਾਨੂੰਨ ਵਿੱਚ ਸ਼ਾਮਲ ਕਰਨ ਦੀ ਗੱਲ ਕੀਤੀ ਗਈ ਪਰ ਅਸਲ ਵਿੱਚ ਇਹ ਇਸ ਐਲਾਨਨਾਮੇ ਦੇ ਵੱਖ ਵੱਖ ਆਰਟੀਕਲਜ਼ ਨੂੰ ਕੈਨੇਡੀਅਨ ਕਾਨੂੰਨ ਵਿੱਚ ਸਿੱਧੇ ਤੌਰ ਉੱਤੇ ਲਾਗੂ ਨਹੀਂ ਕਰੇਗਾ। ਸਗੋਂ ਇਹ ਉਨ੍ਹਾਂ ਨੂੰ ਲਾਗੂ ਕਰਨ ਲਈ ਇੱਕ ਢਾਂਚਾ ਕਾਇਮ ਕਰੇਗਾ।

ਇਸ ਬਿੱਲ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਮਾਪਦੰਡ ਅਪਨਾਉਣੇ ਪੈਣਗੇ ਕਿ ਕੈਨੇਡਾ ਦੇ ਕਾਨੂੰਨ ਯੂਨਾਈਟਿਡ ਨੇਸ਼ਨਜ਼ ਡੈਕਲੇਰੇਸ਼ਨ ਆਨ ਦ ਰਾਈਟਸ ਆਫ ਇੰਡੀਜੀਨਸ ਪੀਪਲ ਨਾਲ ਇੱਕਸਾਰ ਹਨ। ਇਸ ਐਲਾਨਨਾਮੇ ਦੇ ਮੰਤਵਾਂ ਨੂੰ ਹਾਸਲ ਕਰਨ ਲਈ ਕੈਨੇਡਾ ਨੂੰ ਐਕਸ਼ਨ ਪਲੈਨ ਤਿਆਰ ਕਰਨ ਤੇ ਉਸ ਨੂੰ ਲਾਗੂ ਕਰਨਾ ਹੋਵੇਗਾ। ਫਿਰ ਫੈਡਰਲ ਸਰਕਾਰ ਨੂੰ ਮੂਲਵਾਸੀ ਲੋਕਾਂ ਨਾਲ ਸਲਾਹ ਮਸ਼ਵਰੇ ਤੇ ਉਨ੍ਹਾਂ ਦੇ ਸਹਿਯੋਗ ਨਾਲ ਇਸ ਐਕਸ਼ਨ ਪਲੈਨ ਨੂੰ ਲਾਗੂ ਕਰਨ ਬਾਰੇ ਕੀਤੇ ਗਏ ਉੱਦਮਾਂ ਸਬੰਧੀ ਸਾਲਾਨਾ ਰਿਪੋਰਟ ਪਾਰਲੀਆਮੈਂਟ ਵਿੱਚ ਪੇਸ਼ ਕਰਨੀ ਹੋਵੇਗੀ।

ਸੁਲ੍ਹਾ ਦੇ ਰਾਹ ਉੱਤੇ ਇਸ ਨੂੰ ਇੱਕ ਕਦਮ ਮੰਨਿਆ ਜਾ ਸਕਦਾ ਹੈ। ਬਿੱਲ ਦੇ ਸਮਰਥਨ ਪ੍ਰਤੀ ਮੂਲਵਾਸੀ ਲੀਡਰਸ਼ਿਪ ਇੱਕੋ ਜਿਹੀ ਰਾਇ ਨਹੀ ਰੱਖਦੀ। ਇੱਥੋਂ ਤੱਕ ਕਿ ਪਾਰਲੀਆਮੈਂਟ ਦੀ ਪ੍ਰਕਿਰਿਆ ਦੌਰਾਨ ਅਜਿਹੇ ਸਵਾਲ ਵੀ ਉਠਾਏ ਗਏ ਕਿ ਬਿੱਲ ਪੇਸ਼ ਕਰਨ ਤੋਂ ਪਹਿਲਾਂ ਕਿੰਨੇ ਮੂਲਵਾਸੀ ਆਗੂਆਂ ਨਾਲ ਸਲਾਹ ਮਸ਼ਵਰਾ ਕੀਤਾ ਗਿਆ।

# ਕੋਵਿਡ-19 ਵੈਕਸੀਨ ਦੀਆਂ ਦੂਜੀਆਂ ਡੋਜ਼ਾਂ ਲਈ ਯੋਗਤਾ ਵਿੱਚ ਪਸਾਰ ਕਰ ਰਿਹਾ ਹੈ ਓਨਟਾਰੀਓ

## ਪ੍ਰੋਵਿੰਸ ਨੇ ਐਲਾਨੇ ਤਿੰਨ ਹੋਰ ਡੈਲਟਾ ਵੇਰੀਐਂਟਸ ਹੌਟ ਸਪੌਟ

ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਅਗਲੇ ਹਫਤੇ ਓਨਟਾਰੀਓ ਕੋਵਿਡ-19 ਵੈਕਸੀਨ ਦੀ ਸੈਕਿੰਡ ਡੋਜ਼ ਦੀ ਯੋਗਤਾ ਵਿੱਚ ਵਾਧਾ ਕਰਨ ਜਾ ਰਿਹਾ ਹੈ। ਇਸ ਤੋਂ ਇਲਾਵਾ ਤਿੰਨ ਹੋਰਨਾਂ ਰੀਜਨਜ਼ ਨੂੰ ਡੈਲਟਾ ਵੇਰੀਐਂਟ ਹੌਟ ਸਪੌਟ ਐਲਾਨਿਆ ਗਿਆ ਹੈ।

23 ਜੂਨ ਤੋਂ ਪ੍ਰੋਵਿੰਸ ਵੱਲੋਂ ਹੈਮਿਲਟਨ, ਸਿਮਕੋਅ-ਮਸਕੋਕਾ ਤੇ ਦਰਹਾਮ ਰੀਜਨ ਨੂੰ ਹੌਟ ਸਪੌਟ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇਗਾ, ਜਿਸ ਤੋਂ ਭਾਵ ਹੈ ਕਿ ਇਨ੍ਹਾਂ



ਇਲਾਕਿਆਂ ਵਿੱਚ ਰਹਿਣ ਵਾਲੇ ਬਾਲਗ ਲੋਕ ਉਸ ਸੂਰਤ ਵਿੱਚ ਵੈਕਸੀਨ ਦੀ ਦੂਜੀ ਡੋਜ਼ ਲਵਾਉਣ ਦੇ ਯੋਗ ਹੋ ਸਕਣਗੇ ਜਿਨ੍ਹਾਂ ਨੇ 30 ਮਈ ਨੂੰ ਜਾਂ ਇਸ ਤੋਂ ਪਹਿਲਾਂ ਆਪਣਾ ਪਹਿਲਾ ਸ਼ੌਟ ਲਵਾਇਆ ਹੋਵੇਗਾ। ...ਬਾਕੀ ਪੰਨਾ 6 'ਤੇ

# ਐਨ ਏ ਸੀ ਆਈ ਵੱਲੋਂ ਐਸਟ੍ਰਾਜ਼ੈਨੇਕਾ ਦੇ ਪਹਿਲੇ ਸ਼ੌਟ ਤੋਂ ਬਾਅਦ ਐਮ ਆਰ ਐਨ ਏ ਵੈਕਸੀਨ ਦੇ ਦੂਜੇ ਸ਼ੌਟ ਦੀ ਦਿੱਤੀ ਜਾ ਰਹੀ ਹੈ ਸਲਾਹ

ਓਟਵਾ, 17 ਜੂਨ (ਪੋਸਟ ਬਿਊਰੋ) : ਦ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨ ਏ ਸੀ ਆਈ) ਵੱਲੋਂ ਹੁਣ ਸਿਫਾਰਿਸ਼ ਕੀਤੀ ਜਾ ਰਹੀ ਹੈ ਕਿ ਜਿਹੜੇ ਲੋਕਾਂ ਨੇ ਕੋਵਿਡ-19 ਵੈਕਸੀਨ ਆਕਸਫੋਰਡ-ਐਸਟ੍ਰਾਜ਼ੈਨੇਕਾ ਦੀ ਪਹਿਲੀ ਡੋਜ਼ ਲਈ ਹੈ ਹੁਣ ਉਹ ਐਮ ਆਰ ਐਨ ਏ ਵੈਕਸੀਨ ਜਿਵੇਂ ਕਿ ਫਾਈਜ਼ਰ-ਬਾਇਓਐਨਟੈਕ ਜਾਂ ਮੌਡਰਨਾ ਦੀ ਦੂਜੀ ਡੋਜ਼ ਲੈ ਸਕਦੇ ਹਨ।




ਐਨ ਏ ਸੀ ਆਈ ਵੱਲੋਂ ਇਹ ਤਾਜ਼ਾ ਸਲਾਹ ਐਸਟ੍ਰਾਜ਼ੈਨੇਕਾ ਸ਼ੌਟ ਨਾਲ ਸਬੰਧਤ ਬਲੱਡ ਕਲੌਟਸ ਦੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਤੇ ਕੈਨੇਡਾ ਨੂੰ ਐਮ ਆਰ ਐਨ ਏ ਵੈਕਸੀਨ ਦੀ ਸਪਲਾਈ ਵਿੱਚ ਹੋਏ ਵਾਧੇ ਦੇ ਮੱਦੇਨਜ਼ਰ ਦਿੱਤੀ ਜਾ ਰਹੀ ਹੈ। ਕਮੇਟੀ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਹ ਸਲਾਹ ਉਨ੍ਹਾਂ ਸਬੂਤਾਂ ਨੂੰ ਧਿਆਨ ਵਿੱਚ ਰੱਖਕੇ ਦਿੱਤੀ ਜਾ ਰਹੀ ਹੈ ਜਿਨ੍ਹਾਂ ਵਿੱਚ ਐਸਟ੍ਰਾਜ਼ੈਨੇਕਾ ਦਾ ਪਹਿਲਾ ਸ਼ੌਟ ਲੈਣ ਵਾਲੇ ਵਿਅਕਤੀਆਂ ਨੂੰ ਜਦੋਂ ਐਮ ਆਰ ਐਨ ਏ ਵੈਕਸੀਨ ਦਾ ਦੂਜਾ ਸ਼ੌਟ ਦਿੱਤਾ ਗਿਆ ਤਾਂ ਉਸ ਦੇ ਬਿਹਤਰ ਇਮਿਊਨ ਨਤੀਜੇ ਆਏ। ...ਬਾਕੀ ਪੰਨਾ 6 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Efficient Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergillawfirm.ca

# ਕਸ਼ੈਚਵਾਨ ਵਿੱਚ ਤੇਜ਼ੀ ਨਾਲ ਵਿਗੜ ਰਹੇ ਹਨ ਹਾਲਾਤ, ਮੱਠੀ ਰਫਤਾਰ ਨਾਲ ਪਹੁੰਚ ਰਹੀ ਹੈ ਮੱਦਦ : ਚੀਫ ਲੀਓ

ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਜੇਮਜ਼ ਬੇਅ ਦੀ ਕਸ਼ੈਚਵਾਨ ਕਮਿਊਨਿਟੀ ਵਿੱਚ ਲੋੜੋਂ ਵੱਧ ਸੰਘਣੀ ਵਸੋਂ ਤੇ ਆਈਸੋਲੇਸ਼ਨ ਫੈਸਿਲਿਟੀਜ਼ ਦੀ ਘਾਟ ਹੋਣ ਕਾਰਨ ਕੋਵਿਡ-19 ਇਨਫੈਕਸ਼ਨ ਤੇਜ਼ੀ ਨਾਲ ਫੈਲ ਰਹੀ ਹੈ। ਪਰ ਜਿਸ ਤੇਜ਼ੀ ਨਾਲ ਮਦਦ ਆਉਣੀ ਚਾਹੀਦੀ ਸੀ ਉਹ ਨਹੀਂ ਮਿਲ ਪਾ ਰਹੀ।ਇਹ ਖੁਲਾਸਾ ਚੀਫ ਲੀਓ ਫਰਾਈਡੇਅ ਨੇ ਬੁੱਧਵਾਰ ਨੂੰ ਕੀਤਾ।



ਉਨ੍ਹਾਂ ਆਖਿਆ ਕਿ ਇਸ ਵਾਇਰਸ ਨੇ ਵਧੇਰੇ ਕਰਕੇ ਬੱਚਿਆਂ ਉੱਤੇ ਜ਼ਿਆਦਾ ਮਾਰ ਮਾਰੀ ਹੈ। ਇੱਥੇ ਪਾਏ ਗਏ 232 ਐਕਟਿਵ ਮਾਮਲਿਆਂ ਵਿੱਚੋਂ 12 ਸਾਲ ਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੀ ਗਿਣਤੀ ਅੱਧੀ ਤੋ ਵੀ ਜ਼ਿਆਦਾ ਹੈ। ਇੱਕ ਬੱਚਾ ਤਾਂ ਇੰਟੈਂਸਿਵ ਕੇਅਰ ਵਿੱਚ ਹੈ ਪਰ ਉਸ ਦੀ ਹਾਲਤ ਵਿੱਚ ਸੁਧਾਰ ਹੋ ਰਿਹਾ ਦੱਸਿਆ ਜਾਂਦਾ ਹੈ। ਉਨ੍ਹਾਂ ਆਖਿਆ ਕਿ ਇੰਜ ਲੱਗ ਰਿਹਾ ਹੈ ਕਿ ਸਾਨੂੰ ਸਾਡੇ ਹਾਲ ਉੱਤੇ ਛੱਡ ਦਿੱਤਾ ਗਿਆ ਹੈ ਤੇ ਕੋਈ ਕੁੱਝ ਨਹੀਂ ਕਰ ਰਿਹਾ। ਮਦਦ ਬਹੁਤ ਹੀ ਮੱਠੀ ਰਫਤਾਰ ਨਾਲ ਪਹੁੰਚ ਰਹੀ ਹੈ ਤੇ ਅਸੀਂ ਇਸ ਨੂੰ ਐਮਰਜੰਸੀ ਵਾਲੇ ਹਾਲਾਤ ਦੱਸ ਰਹੇ ਹਾਂ।

ਫੈਡਰਲ ਡਾਟਾ ਮੁਤਾਬਕ ਕੈਨੇਡਾ ਦੇ ਇੰਡੀਜੀਨਸ ਰਿਜ਼ਰਵਜ਼ ਵਿੱਚ ਪਾਏ ਗਏ 889 ਐਕਟਿਵ ਕੇਸਾਂ ਵਿੱਚੋਂ ਇੱਕ ਚੌਥਾਈ ਕਮਿਊਨਿਟੀ ਵਿੱਚ ਪਾਏ ਗਏ ਹਨ।ਇੰਡੀਜੀਨਸ ਸਰਵਿਸਿਜ਼ ਮੰਤਰੀ ਮਾਰਕ ਮਿਲਰ ਨੇ ਆਖਿਆ ਕਿ ਮਦਦ ਪਹਿਲਾਂ ਹੀ ਪਹੁੰਚਾਈ ਜਾ ਚੁੱਕੀ ਹੈ ਤੇ ਹੋਰ ਮਦਦ ਭੇਜੀ ਜਾ ਰਹੀ ਹੈ। ਮਿਲਰ ਨੇ ਇਹ ਵੀ ਆਖਿਆ ਕਿ ਕੋਵਿਡ ਸਰਕਾਰ ਨਾਲੋਂ ਤੇਜ਼ੀ ਨਾਲ ਕੰਮ ਕਰਦਾ ਹੈ। ਅਸੀਂ ਇਹੋ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਤੇਜ਼ੀ ਨਾਲ ਮਦਦ ਕਿਵੇਂ ਮੁਹੱਈਆ ਕਰਵਾ ਸਕਦੇ ਹਾਂ।

ਮਿਲਰ ਨੇ ਦੱਸਿਆ ਕਿ ਇਸ ਸਮੇਂ ਸਾਈਟ ਉੱਤੇ 15 ਕੈਨੇਡੀਅਨ ਰੇਂਜਰਜ਼ ਦੇ ਨਾਲ 15 ਨਰਸਾਂ, ਤਿੰਨ ਪੈਰਾਮੈਡਿਕਸ ਤੇ ਰੈੱਡ ਕਰੌਸ ਦੇ 16 ਮੈਂਬਰ ਵੀ ਮੌਜੂਦ ਹਨ। ਇਸ ਤੋਂ ਇਲਾਵਾ ਹੋਰ ਮਦਦ ਤੇ ਆਰਥਿਕ ਸਹਾਇਤਾ ਵੀ ਭੇਜੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਬਾਲਗਾਂ ਦਾ ਟੀਕਾਕਰਣ ਤਾਂ ਤੇਜ਼ੀ ਨਾਲ ਕਰ ਦਿੱਤਾ ਗਿਆ ਸੀ ਤੇ ਉਹ ਬਚੇ ਵੀ ਹੋਏ ਹਨ ਪਰ ਬੱਚਿਆਂ ਦਾ ਟੀਕਾ ਉਪਲਬਧ ਨਾ ਹੋਣ ਕਾਰਨ ਉਹ ਕੋਵਿਡ-19 ਦਾ ਵਧੇਰੇ ਸ਼ਿਕਾਰ ਹੋ ਰਹੇ ਹਨ।

# ਟਰੂਡੋ ਨੇ ਯੂਕਰੇਨ ਦੀ ਮਦਦ ਦਾ ਪ੍ਰਗਟਾਇਆ ਤਹੱਈਆ, ਪਰ ਨਾਟੋ ਮੈਂਬਰਸ਼ਿਪ ਉੱਤੇ ਧਾਰਿਆ ਮੌਨ

ਬਰੱਸਲਜ਼, 17 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੌਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਦੀ ਮੀਟਿੰਗ ਵਿੱਚ ਹਿੱਸਾ ਲੈਣਗੇ। ਕੈਨੇਡਾ ਵੱਲੋਂ ਯੂਕਰੇਨ ਦੀ ਮਦਦ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਪਰ ਰੂਸ ਨਾਲ ਤਣਾਅ ਦੇ ਚੱਲਦਿਆਂ ਕੈਨੇਡਾ ਨੇ ਇਹ ਨਹੀਂ ਆਖਿਆ ਕਿ ਉਹ ਇਸ ਫੌਜੀ ਗੱਠਜੋੜ ਵਿੱਚ ਕੀਵ ਦੇ ਸ਼ਾਮਲ ਹੋਣ ਦਾ ਸਮਰਥਨ ਕਰੇਗਾ।



ਫੈਡਰਲ ਸਰਕਾਰ ਨੇ ਪਿਛਲੇ ਹਫਤੇ ਆਖਿਆ ਸੀ ਕਿ ਕੈਨੇਡਾ ਇਸ ਰੀਜਨ ਵਿੱਚ ਸਕਿਊਰਿਟੀ ਸਬੰਧੀ ਖਤਰਿਆਂ ਨੂੰ ਖ਼ਤਮ ਕਰਕੇ ਹੀ ਸਾਹ ਲਵੇਗਾ।ਪਰ ਉਸ ਸਮੇਂ ਸਰਕਾਰ ਨੇ ਇਹ ਸਪਸ਼ਟ ਨਹੀਂ ਸੀ ਕੀਤਾ ਕਿ ਉਹ ਸਿਖਰ ਵਾਰਤਾ ਦੌਰਾਨ ਨਾਟੋ ਦੀ ਮੈਂਬਰਸ਼ਿਪ ਲਈ ਯੂਕਰੇਨ ਦਾ ਸਮਰਥਨ ਕਰੇਗੀ।

ਜ਼ਿਕਰਯੋਗ ਹੈ ਕਿ ਮਾਸਕੋ ਤੇ ਪੱਛਮੀ ਦੇਸ਼ਾਂ ਦਰਮਿਆਨ ਕਈ ਸਾਲਾਂ ਤੋਂ ਚੱਲੇ ਆ ਰਹੇ ਤਣਾਅਪੂਰਣ ਸਬੰਧਾਂ ਤੋਂ ਬਾਅਦ ਪਿਛਲੇ ਹਫਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਰਮਿਆਨ ਜਨੇਵਾ ਵਿੱਚ ਹੋਈ ਆਹਮੋ ਸਾਹਮਣੀ ਮੀਟਿੰਗ ਤੋਂ ਪਹਿਲਾਂ ਹੀ ਯੂਕਰੇਨ ਨੂੰ ਨਾਟੋ ਫੌਜਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਸੀ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਇਸ ਫੌਜੀ ਗੱਠਜੋੜ ਵਿੱਚ ਸ਼ਾਮਲ ਹੋਣ ਲਈ ਵੱਖਰੇ ਤੌਰ ਉੱਤੇ ਲਾਬਿੰਗ ਕਰਕੇ ਪੂਰਾ ਜ਼ੋਰ ਲਾਇਆ। ਇੱਥੇ ਹੀ ਬੱਸ ਨਹੀਂ ਜ਼ੈਲੈਂਸਕੀ ਨੇ ਇਸ ਬਾਰੇ ਟਰੂਡੋ ਤੇ ਬਾਇਡਨ ਨਾਲ ਵੀ ਵੱਖਰੇ ਤੌਰ ਉੱਤੇ ਇਸ ਬਾਰੇ ਸਲਾਹ ਮਸ਼ਵਰਾ ਕੀਤਾ। ਇਸ ਤੋਂ ਪਹਿਲਾਂ ਵੀ ਕੈਨੇਡਾ ਯੂਕਰੇਨ ਦੇ ਨਾਟੋ ਫੌਜਾਂ ਵਿੱਚ ਸ਼ਾਮਲ ਹੋਣ ਦੀ ਪੈਰਵੀ ਕਰ ਚੁੱਕਿਆ ਹੈ।

## ਗੱਡੀ ਵੱਲੋਂ ਸਾਈਕਲ ਨੂੰ ਟੱਕਰ ਮਾਰੇ ਜਾਣ ਕਾਰਨ ਇੱਕ ਜ਼ਖ਼ਮੀ

ਓਨਟਾਰੀਓ, 17 ਜੂਨ (ਪੋਸਟ ਬਿਊਰੋ) : ਲੇਕ ਸ਼ੋਰ ਈਸਟ ਦੇ ਨਾਲ ਨਾਲ ਸਾਈਕਲ ਉੱਤੇ ਜਾ ਰਹੇ ਇੱਕ ਵਿਅਕਤੀ ਨੂੰ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਉਹ ਜ਼ਖ਼ਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਹੈ।

ਬੁੱਧਵਾਰ ਦੁਪਹਿਰ ਨੂੰ ਲੇਕ ਸ਼ੋਰ ਬੋਲੀਵੀਆਰਡ ਈਸਟ ਤੇ ਕਾਰਲਾਅ ਐਵਨਿਊ ਨੇੜੇ ਪੁਲਿਸ ਨੂੰ ਸੱਦਿਆ ਗਿਆ। ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਵਿੱਚ ਸ਼ਾਮਲ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ।

ਇਸ ਇਲਾਕੇ ਵਿੱਚ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਸਨ ਪਰ ਫਿਰ ਬਾਅਦ ਵਿੱਚ ਖੋਲ੍ਹ ਦਿੱਤੀਆਂ ਗਈਆਂ।

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

Century 21
President Realty Inc
Brokerage*
Independently Owned and Operated.
ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Representative
Call Now: (416)-970-5005

Brampton
$799,900
Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!

Brampton
$849,900
Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਉਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.

Brampton
$699,900
Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ

Brampton
$799,999
Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਂਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ

Brampton
$1,199,000
Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਉਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ

Brampton
$1,179,000
Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ

Brampton
$1,299,000
Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ

Brampton
$999,800
Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੋਡਰਨ ਕਿਚਨ

(416) 970-5005
www.vipcondonetwork.com
80 Maritime Ontario Blvd #246 Brampton, ON L6S 0E7
Call: 905-488-2100 Fax : 905-488-2101

# ਇਸ ਸਾਲ ਦੇ ਅੰਤ ਵਿੱਚ ਓਨਟਾਰੀਓ ਨੂੰ ਮਿਲੇਗਾ ਨਵਾਂ ਏਰੀਆ ਕੋਡ

ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਨਵੇਂ ਟੈਲੀਫੋਨ ਨੰਬਰਾਂ ਦੀ ਮੰਗ ਵਧਣ ਤੋਂ ਬਾਅਦ ਦੱਖਣੀ ਓਨਟਾਰੀਓ ਨੂੰ ਸਾਲ ਦੇ ਅੰਤ ਤੱਕ ਨਵਾਂ ਏਰੀਆ ਕੋਡ ਦਿੱਤਾ ਜਾਵੇਗਾ।

16 ਅਕਤੂਬਰ ਤੋਂ ਸ਼ੁਰੂ ਕਰਕੇ ਪ੍ਰੋਵਿੰਸ ਵਿੱਚ ਹੌਲੀ ਹੌਲੀ ਏਰੀਆ ਕੋਡ 742 ਸ਼ੁਰੂ ਕੀਤਾ ਜਾਵੇਗਾ। ਇਸ ਸਮੇਂ ਇਸ ਇਲਾਕੇ ਦੇ ਵੱਖ ਵੱਖ ਹਿੱਸਿਆਂ ਲਈ 289,365 ਤੇ 905 ਏਰੀਆ ਕੋਡ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਖੁਲਾਸਾ ਕੈਨੇਡੀਅਨ ਰੇਡੀਓ ਟੈਲੀਵਿਜ਼ਨ ਤੇ ਟੈਲੀਕਮਿਊਨਿਕੇਸ਼ਨਜ਼ ਕਮਿਸ਼ਨ ਵੱਲੋਂ ਕੀਤਾ ਗਿਆ। ਬੁੱਧਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਕੈਨੇਡੀਅਨ ਨੰਬਰਿੰਗ ਐਡਮਨਿਸਟ੍ਰੇਟਰ ਦੀ ਪ੍ਰੋਗਰਾਮ ਮੈਨੇਜਰ ਕੈਲੀ ਵਾਲਸ਼ ਨੇ ਆਖਿਆ ਕਿ ਨਵਾਂ ਏਰੀਆ ਕੋਡ ਸ਼ੁਰੂ ਹੋਣ ਨਾਲ ਮੌਜੂਦਾ ਨੰਬਰਾਂ ਨੂੰ ਛੇੜੇ ਬਿਨਾਂ ਕਈ ਮਿਲੀਅਨ ਹੋਰ ਵਾਧੂ ਟੈਲੀਫੋਨ ਨੰਬਰ ਕਾਇਮ ਕੀਤੇ ਜਾ ਸਕਦੇ ਹਨ।



742 ਏਰੀਆ ਕੋਡ ਨਾਲ ਲੋਕਲ ਕਾਲਿੰਗ ਏਰੀਆਜ਼ ਦੀਆਂ ਭੂਗੋਲਿਕ ਹੱਦਾਂ ਜਾਂ ਜਿਸ ਤਰ੍ਹਾਂ ਲਾਂਗ ਡਿਸਟੈਂਸ ਕਾਲਜ਼ ਡਾਇਲ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਉੱਤੇ ਕੋਈ ਅਸਰ ਨਹੀਂ ਪਵੇਗਾ। ਦੱਖਣੀ ਓਨਟਾਰੀਓ ਵਿੱਚ ਜਿਨ੍ਹਾਂ ਪਹਿਲੇ ਦੋ ਏਰੀਆ ਕੋਡਜ਼ ਦੀ ਵਰਤੋਂ ਹੋਈ ਸੀ ਉਹ ਸਨ 416 ਤੇ 613, ਇਨ੍ਹਾਂ ਨੂੰ 1947 ਵਿੱਚ ਪੇਸ਼ ਕੀਤਾ ਗਿਆ ਸੀ। 1993 ਵਿੱਚ 905 ਦਾ ਵਾਧੂ ਏਰੀਆ ਕੋਡ ਟੋਰਾਂਟੋ ਦੇ ਨਾਲ ਲੱਗਦੇ ਇਲਾਕਿਆਂ ਲਈ ਸ਼ੁਰੂ ਕੀਤਾ ਗਿਆ ਸੀ। 2001 ਵਿੱਚ ਏਰੀਆ ਕੋਡ 289 ਸ਼ੁਰੂ ਹੋਇਆ ਤੇ 2013 ਵਿੱਚ ਏਰੀਆ ਕੋਡ 365 ਪੇਸ਼ ਕੀਤਾ ਗਿਆ।

ਕੇਅਰਗਿਵਰ/ਨੈਨੀ ਦੀ ਲੋੜ
ਸਕਾਰਬੋਰੋ (ਬਰੀਮਲੀ ਅਤੇ ਫਿੰਚ ਏਰੀਆ) ਵਿਖੇ ਘਰ ਵਿਚ ਬਜ਼ੁਰਗ ਮਾਤਾ ਲਈ ਮੈਚਿਓਰ/ ਲਿਵ ਇਨ ਕੇਅਰਗਿਵਰ/ਨੈਨੀ ਦੀ ਲੋੜ ਹੈ। ਕੇਅਰਗਿਵਰ ਕੋਲ ਮੈਡੀਕਲ ਟ੍ਰੇਨਿੰਗ ਜਾਂ ਕੋਈ ਸਬੰਧਤ ਪਿਛੋਕੜ ਹੋਣਾ ਚਾਹੀਦਾ ਹੈ। ਬਿਨੈਕਾਰ ਦੇ ਦੋਵੇਂ ਕੋਵਿਡ ਵੈਕਸੀਨ ਦੀਆਂ ਡੋਜ਼ਜ਼ ਲੱਗੀਆਂ ਹੋਣੀਆਂ ਚਾਹੀਦੀਆਂ ਹਨ। ਖਾਣਾ ਅਤੇ ਰਹਿਣ ਲਈ ਵੀ ਸਹੂਲਤ ਦਿੱਤੀ ਜਾਵੇਗੀ। ਜੁਲਾਈ ਦੇ ਸ਼ੁਰੂਆਤੀ ਦਿਨਾਂ ਤੋਂ ਅੱਗੇ ਕਈ ਮਹੀਨਿਆਂ ਲਈ ਜ਼ਰੂਰਤ ਹੈ। ਤਨਖਾਹ ਵੱਧ ਘੱਟ ਕਰਨ ਬਾਰੇ ਗੱਲ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:
ਹਰਮੀਤ: 416-845-0905

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
Lic# 10584
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia
#M08006400
416.677.0047

# ਐਤਕੀਂ ਆਪਣੀ ਲੀਡਰਸ਼ਿਪ ਬਚਾਉਣ ਵਿੱਚ ਕਾਮਯਾਬ ਰਹੀ ਗ੍ਰੀਨ ਪਾਰਟੀ ਆਗੂ

ਓਟਵਾ, 17 ਜੂਨ (ਪੋਸਟ ਬਿਊਰੋ) : ਗ੍ਰੀਨ ਪਾਰਟੀ ਆਗੂ ਅਨੇਮੀ ਪਾਲ ਇਸ ਵਾਰੀ ਆਪਣਾ ਅਹੁਦਾ ਬਚਾਉਣ ਵਿੱਚ ਕਾਮਯਾਬ ਹੋ ਗਈ ਹੈ। ਪਾਰਟੀ ਦੀ ਗਵਰਨਿੰਗ ਬੌਡੀ ਦੀ ਐਮਰਜੰਸੀ ਮੀਟਿੰਗ ਵਿੱਚ ਪਾਲ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।



ਜ਼ਿਕਰਯੋਗ ਹੈ ਕਿ ਪਾਰਟੀ ਦੀ ਫੈਡਰਲ ਕਾਊਂਸਲ, ਜਿਸ ਵਿੱਚ ਗ੍ਰੀਨ ਪਾਰਟੀ ਦੀਆਂ ਕਦਰਾਂ ਕੀਮਤਾਂ ਵਾਲੇ ਮੈਂਬਰਾਂ ਵੱਲੋਂ ਚੁਣੇ ਗਏ ਵਿਅਕਤੀ ਸ਼ਾਮਲ ਸਨ, ਨੇ ਮੰਗਲਵਾਰ ਨੂੰ ਮੀਟਿੰਗ ਕੀਤੀ ਜਿਹੜੀ ਸਾਢੇ ਤਿੰਨ ਘੰਟੇ ਚੱਲੀ। ਪਰ ਇਸ ਦਾ ਨਤੀਜਾ ਪੀਲ ਦੀ ਲੀਡਰਸ਼ਿਪ ਵਿੱਚ ਬੇਭਰੋਸਗੀ ਵਾਲਾ ਨਹੀਂ ਨਿਕਲਿਆ। ਕਾਊਂਸਲ ਨੇ ਪਾਲ ਨੂੰ ਗ੍ਰੀਨ ਕਾਕਸ ਦਾ ਸਮਰਥਨ ਕਰਨ ਅਤੇ ਸਾਬਕਾ ਸੀਨੀਅਰ ਸਲਾਹਕਾਰ, ਜਿਸ ਨੇ ਇਜ਼ਰਾਈਲੀ ਫਲਸਤੀਨੀ ਸੰਘਰਸ਼ ਬਾਰੇ ਗ੍ਰੀਨ ਐਮਪੀਜ਼ ਦੇ ਪੱਖ ਦੀ ਸੋਸ਼ਲ ਮੀਡੀਆ ਉੱਤੇ ਆਲੋਚਨਾ ਕੀਤੀ, ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਸਾਬਕਾ ਗ੍ਰੀਨ ਪਾਰਟੀ ਐਮਪੀ ਜੈਨਿਕਾ ਐਟਵਿਨ ਗ੍ਰੀਨ ਪਾਰਟੀ ਛੱਡ ਕੇ ਲਿਬਰਲ ਪਾਰਟੀ ਵਿੱਚ ਸ਼ਾਮਲ ਹੋ ਗਈ ਸੀ। ਉਸ ਨੇ ਇਸ ਲਈ ਪਾਲ ਦੀ ਰਾਇ ਨਾਲ ਇਤਫਾਕ ਨਾ ਹੋਣਾ ਤੇ ਪਾਰਟੀ ਦੇ ਅੰਦਰੂਨੀ ਵਿਵਾਦ ਨੂੰ ਆਪਣੇ ਫੈਸਲੇ ਦਾ ਮੁੱਖ ਕਾਰਨ ਦੱਸਿਆ ਸੀ।ਪਰ ਪਾਲ ਨੇ ਆਖਿਆ ਕਿ ਉਸ ਨੇ ਕਦੇ ਵੀ ਇਸ ਮੁੱਦੇ ਉੱਤੇ ਐਟਵਿਨ ਨਾਲ ਗੱਲ ਹੀ ਨਹੀਂ ਕੀਤੀ ਤੇ ਉਸਦਾ ਪਾਰਟੀ ਛੱਡਣ ਦਾ ਇਹ ਕਾਰਨ ਮਨਘੜਤ ਸੀ।

## ਮੈਨੂੰ ਗੱਦੀਓਂ ਲਾਹੁਣ ਲਈ ਨਸਲਵਾਦ ਦਾ ਲਿਆ ਗਿਆ ਸਹਾਰਾ : ਅਨੇਮੀ ਪਾਲ

ਓਟਵਾ, 17 ਜੂਨ (ਪੋਸਟ ਬਿਊਰੋ) : ਗ੍ਰੀਨ ਪਾਰਟੀ ਆਗੂ ਅਨੇਮੀ ਪਾਲ ਵੱਲੋਂ ਪਾਰਟੀ ਦੀ ਗਵਰਨਿੰਗ ਬੌਡੀ ਦੇ ਮੈਂਬਰਾਂ ਉੱਤੇ ਦੋਸ਼ ਲਾਏ ਗਏ ਹਨ ਕਿ ਪਾਰਟੀ ਦੇ ਅੰਦਰੂਨੀ ਨੀਤੀਗਤ ਵਿਵਾਦ ਦੇ ਚੱਲਦਿਆਂ ਉਸ ਨੂੰ ਨਸਲੀ ਤੇ ਲਿੰਗਵਾਦ ਦੇ ਆਧਾਰ ਉੱਤੇ ਪਾਰਟੀ ਦੀ ਲੀਡਰਸ਼ਿਪ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਗਈ।

ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੱਕ ਦਿਨ ਪਹਿਲਾਂ ਹੋਈ ਪਾਰਟੀ ਮੈਂਬਰਾਂ ਦੀ ਹੰਗਾਮੀ ਮੀਟਿੰਗ ਬਾਰੇ ਪਾਲ ਨੇ ਆਖਿਆ ਕਿ ਫੈਡਰਲ ਕਾਊਂਸਲ ਦੇ ਕਈ ਮੌਜੂਦਾ ਮੈਂਬਰ ਤਾਂ ਤਬਦੀਲੀ ਤੇ ਵੰਨ-ਸੁਵੰਨਤਾ ਲਈ ਵਚਨਬੱਧ ਨਜ਼ਰ ਆਏ ਪਰ ਕਈ ਹੋਰ ਨਹੀਂ ਵੀ ਆਏ।ਉਨ੍ਹਾਂ ਆਖਿਆ ਕਿ ਕਾਊਂਸਲਰਜ਼ ਦੇ ਇੱਕ ਨਿੱਕੇ ਗਰੁੱਪ ਨੇ ਉਨ੍ਹਾਂ ਦੀ ਲੀਡਰਸ਼ਿਪ ਵਿੱਚ ਬੇਭਰੋਸਗੀ ਜਤਾਉਣ ਲਈ ਧੱਕੇ ਨਾਲ ਵੋਟ ਕਰਵਾਉਣ ਦਾ ਬੜਾ ਜ਼ੋਰ ਲਾਇਆ। ਜਿਨ੍ਹਾਂ ਮੈਂਬਰਾਂ ਦੀ ਉਹ ਨੁਮਾਇੰਦਗੀ ਕਰਦੇ ਹਨ ਇਸ ਬਾਬਤ ਉਨ੍ਹਾਂ ਨੇ ਉਨ੍ਹਾਂ ਨਾਲ ਵੀ ਸਲਾਹ ਮਸ਼ਵਰਾ ਨਹੀਂ ਸੀ ਕੀਤਾ ਹੋਇਆ। ਉਨ੍ਹਾਂ ਨੇ ਅਜਿਹੇ ਦੋਸ਼ ਲਾਏ ਜਿਹੜੇ ਬੇਹੱਦ ਨਸਲਵਾਦੀ ਤੇ ਲਿੰਗਵਾਦੀ ਸਨ। ਅਜਿਹੇ ਦੋਸ਼ਾਂ ਦਾ ਸਾਡੇ ਦੋਵਾਂ ਐਮਪੀਜ਼ ਵੱਲੋਂ ਫੌਰੀ ਵਿਰੋਧ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਹ ਸਾਡੀ ਪਾਰਟੀ ਦੇ ਸਿਧਾਂਤਾਂ ਤੋਂ ਉਲਟ ਹਨ। ਪਾਲ ਖਿਲਾਫ ਲਾਏ ਗਏ ਦੋਸ਼ਾਂ ਵਿੱਚ ਮੈਂਬਰਜ਼ ਵੱਲੋਂ ਇਹ ਆਖਿਆ ਗਿਆ ਸੀ ਕਿ ਪਾਰਟੀ ਲੀਡਰ ਵਜੋਂ ਉਹ ਖੁਦ ਨੂੰ ਸੱਭ ਤੋਂ ਉੱਚਾ ਮੰਨਦੀ ਹੈ, ਦੂਜਿਆ ਨੂੰ ਨੀਵਾਂ ਵਿਖਾਉਂਦੀ ਹੈ, ਉਹ ਫੈਡਰਲ ਕਾਊਂਸਲ ਦੀ ਸਰਗਰਮ, ਸਨਮਾਨਯੋਗ ਤੇ ਚੁਸਤ ਮੈਂਬਰ ਨਹੀਂ ਹੈ।ਇਸ ਤੋਂ ਇਲਾਵਾ ਉਹ ਕੰਮ ਕਰਨ ਦਾ ਸਾਂਝਾ ਮਾਹੌਲ ਬਣਾਉਣ, ਗੱਲਬਾਤ ਵਿੱਚ ਸਨਮਾਨਪੂਰਨ ਢੰਗ ਨਾਲ ਸ਼ਾਮਲ ਹੋਣ ਤੇ ਗੱਲਬਾਤ ਜਾਂ ਸਮਝੌਤਾ ਕਰਨ ਵਿੱਚ ਅਸਫਲ ਰਹੀ ਹੈ।ਇਸ ਤੋਂ ਇਲਾਵਾ ਕਈ ਹੋਰ ਦੋਸ਼ ਵੀ ਲਗਾਏ ਗਏ ਸਨ। ਪਾਲ ਨੇ ਆਖਿਆ ਕਿ ਉਨ੍ਹਾਂ ਦੀ ਇਸ ਤਰ੍ਹਾਂ ਦੀ ਯੋਜਨਾ ਸਫਲ ਨਹੀਂ ਹੋਈ।

# ਉਨਟਾਰੀਓ ਨੇ ਮੈਨੀਟੋਬਾ ਤੇ ਕਿਊਬਿਕ ਨਾਲ ਲੱਗਦੀਆਂ ਆਪਣੀਆਂ ਹੱਦਾਂ ਖੋਲ੍ਹੀਆਂ





ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਕਿਊਬਿਕ ਤੇ ਮੈਨੀਟੋਬਾ ਨਾਲ ਲੱਗਦੀ ਉਨਟਾਰੀਓ ਦੀ ਹੱਦ ਨੂੰ ਅੱਜ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਗਿਆ।

ਇਨ੍ਹਾਂ ਪ੍ਰੋਵਿੰਸਾਂ ਦਰਮਿਆਨ ਜਾਰੀ ਇੰਟਰਪ੍ਰੋਵਿੰਸ਼ੀਅਲ ਟਰੈਵਲ ਪਾਬੰਦੀ ਅੱਧੀ ਰਾਤ ਤੋਂ ਖ਼ਤਮ ਹੋ ਜਾਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਉਨਟਾਰੀਓ ਵਿੱਚ ਕੋਵਿਡ-19 ਦੀ ਤੀਜੀ ਵੇਵ ਦੀ ਮਾਰ ਕਾਰਨ ਹੋਰਨਾਂ ਪ੍ਰੋਵਿੰਸਾਂ ਨਾਲ ਲੱਗਦੀਆਂ ਸਰਹੱਦਾਂ ਬੰਦ ਕਰਨ ਦਾ ਫੈਸਲਾ ਉਨਟਾਰੀਓ ਸਰਕਾਰ ਵੱਲੋਂ ਅਪਰੈਲ ਵਿੱਚ ਲਿਆ ਗਿਆ ਸੀ।ਇਨ੍ਹਾਂ ਪਾਬੰਦੀਆਂ ਸਬੰਧੀ ਹੁਕਮ ਜ਼ਮੀਨੀ ਰਸਤੇ ਦੇ ਨਾਲ ਨਾਲ ਪਾਣੀ ਦੇ ਰਾਹ ਲਈ ਵੀ ਲਾਗੂ ਹੁੰਦੇ ਸਨ।

ਹੈਲਥ ਕੇਅਰ, ਕਸਟਡੀ ਜਾਂ ਰਹਿਮ ਦੇ ਆਧਾਰ ਉੱਤੇ ਇਨ੍ਹਾਂ ਰੀਜਨਜ਼ ਦਰਮਿਆਨ ਟਰੈਵਲ ਲਈ ਛੋਟ ਦਿੱਤੀ ਜਾ ਸਕਦੀ ਸੀ ਜਾਂ ਕਿਸੇ ਦੀਆਂ ਅੰਤਿਮ ਰਸਮਾਂ ਵਿੱਚ ਹਿੱਸਾ ਲੈਣ ਆਦਿ ਲਈ। ਉਨਟਾਰੀਓ ਵਿੱਚ ਦਾਖਲ ਹੋਣ ਵਾਲਿਆਂ ਨੂੰ ਬਾਰਡਰ ਉੱਤੇ ਹੀ ਰੋਕ ਕੇ ਪੁਲਿਸ ਤੇ ਹੋਰ ਬਾਰਡਰ ਅਧਿਕਾਰੀ ਉਨ੍ਹਾਂ ਤੋਂ ਪ੍ਰੋਵਿੰਸ ਵਿੱਚ ਦਾਖਲ ਹੋਣ ਦੇ ਕਾਰਨਾਂ ਬਾਰੇ ਪੁੱਛ ਸਕਦੇ ਸਨ।

# ਟੋਰਾਂਟੋ ਵਿੱਚ 30,000 ਵਾਧੂ ਅਪੁਆਇੰਟਮੈਂਟਸ ਰਾਹੀਂ ਲਾਏ ਜਾਣਗੇ ਮੌਡਰਨਾ ਦੇ ਟੀਕੇ




ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਬੁੱਧਵਾਰ ਸਵੇਰ ਤੋਂ ਸਿਟੀ ਵੱਲੋਂ ਚਲਾਏ ਜਾਣ ਵਾਲੇ ਇਮਿਊਨਾਈਜ਼ੇਸ਼ਨ ਕਲੀਨਿਕਸ ਵਿੱਚ 30,000 ਹੋਰ ਲੋਕਾਂ ਨੂੰ ਮੌਡਰਨਾ ਦੇ ਟੀਕੇ ਲਾਏ ਜਾਣਗੇ।

ਇੱਕ ਰਲੀਜ਼ ਵਿੱਚ ਸਿਟੀ ਨੇ ਦੱਸਿਆ ਕਿ ਸੋਮਵਾਰ ਸਵੇਰੇ ਹੀ ਉਨ੍ਹਾਂ ਦੇ ਕਲੀਨਿਕਸ ਲਈ 99 ਫੀ ਸਦੀ ਬੁਕਿੰਗ ਹੋ ਚੁੱਕੀ ਸੀ। 30,000 ਵਾਧੂ ਅਪੁਆਇੰਟਮੈਂਟਸ ਦੌਰਾਨ ਮੌਡਰਨਾ ਵੈਕਸੀਨ ਦੇ ਹੀ ਸ਼ੌਟ ਦਿੱਤੇ ਜਾਣਗੇ। ਮੌਡਰਨਾ ਦੀ ਡੋਜ਼ ਲਈ ਅਪੁਆਇੰਟਮੈਂਟ ਬੁੱਧਵਾਰ ਸਵੇਰੇ 8:00 ਵਜੇ ਤੋਂ ਹੀ ਬੁੱਕ ਕਰਵਾਈ ਜਾ ਸਕੇਗੀ। ਇਹ ਅਪੁਆਇੰਟਮੈਂਟ 22 ਜੂਨ ਤੇ 27 ਜੂਨ ਦੇ ਦਰਮਿਆਨ ਵਾਲੇ ਸਲੌਟ ਲਈ ਹੋਵੇਗੀ।

ਮੇਅਰ ਜੌਹਨ ਟੋਰੀ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਅਗਲੇ ਹਫਤੇ ਇਹ ਵਾਧੂ ਅਪੁਆਇੰਟਮੈਂਟਸ ਨਾਲ ਜਲਦ ਤੋਂ ਜਲਦ ਵੱਧ ਤੋਂ ਵੱਧ ਲੋਕਾਂ ਨੂੰ ਵੈਕਸੀਨੇਟ ਕੀਤਾ ਜਾ ਸਕੇਗਾ। ਸਥਾਨਕ ਵਾਸੀਆਂ ਨੂੰ ਵੈਕਸੀਨੇਟ ਕਰਨ ਲਈ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਤੇ ਸਾਡਾ ਪੱਕਾ ਇਰਾਦਾ ਹੈ ਕਿ ਸਿਟੀ ਵਿੱਚ ਵੈਕਸੀਨੇਸ਼ਨ ਜਲਦ ਤੋਂ ਜਲਦ ਪੂਰੀ ਹੋਵੇ ਤੇ ਇਸ ਵਿੱਚ ਕੋਈ ਵਿਘਨ ਨਾ ਪਵੇ ਤਾਂ ਕਿ ਅਸੀਂ ਮਹਾਂਮਾਰੀ ਦਾ ਜੜ੍ਹੋਂ ਸਫਾਇਆ ਕਰ ਸਕੀਏ।

18 ਸਾਲ ਤੇ ਇਸ ਤੋਂ ਉੱਪਰ ਦੇ ਲੋਕਾਂ ਲਈ ਮੌਡਰਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਦਕਿ 12 ਤੋਂ 17 ਸਾਲ ਤੱਕ ਦੇ ਲੋਕਾਂ ਨੂੰ ਫਾਈਜ਼ਰ ਹੀ ਦਿੱਤੀ ਜਾ ਰਹੀ ਹੈ। ਇਹ ਨਵੀਆਂ ਅਪੁਆਇੰਟਮੈਂਟਸ ਸਿਰਫ ਮੌਡਰਨਾ ਲਈ ਹੀ ਹੋਣਗੀਆਂ।

# ਸਤੰਬਰ ਤੱਕ ਪੂਰੀ ਤਰ੍ਹਾਂ ਵੈਕਸੀਨੇਟ ਹੋ ਜਾਣਗੇ ਕੈਨੇਡੀਅਨ : ਹੈਲਥ ਕੈਨੇਡਾ

ਓਟਵਾ, 17 ਜੂਨ (ਪੋਸਟ ਬਿਊਰੋ) : ਕਈ ਮਹੀਨਿਆਂ ਤੱਕ ਵੈਕਸੀਨ ਸਪਲਾਈ ਵਿੱਚ ਕਮੀ ਰਹਿਣ ਤੋਂ ਬਾਅਦ ਹੁਣ ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਦੇਸ਼ ਵਿੱਚ ਹਰ ਹਫਤੇ ਕੋਵਿਡ-19 ਵੈਕਸੀਨ ਦੀਆਂ ਕਈ ਮਿਲੀਅਨ ਡੋਜ਼ਾਂ ਆ ਰਹੀਆਂ ਹਨ। ਇਹ ਡੋਜ਼ਾਂ ਉਨ੍ਹਾਂ ਸਾਰੇ ਕੈਨੇਡੀਅਨਾਂ ਦੇ ਟੀਕਾਕਰਣ ਲਈ ਕਾਫੀ ਹਨ ਜਿਹੜੇ ਟੀਕਾ ਲਵਾਉਣਾ ਚਾਹੁੰਦੇ ਹਨ ਤੇ ਸਤੰਬਰ ਦੇ ਅੰਤ ਤੱਕ ਪੂਰੀ ਤਰ੍ਹਾਂ ਵੈਕਸੀਨੇਟ ਹੋਣਾ ਚਾਹੁੰਦੇ ਹਨ।

ਮੰਗਲਵਾਰ ਨੂੰ ਜਾਰੀ ਕੀਤੀ ਗਈ ਅਪਡੇਟ ਵਿੱਚ ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ



ਡਾ. ਥੈਰੇਸਾ ਟੈਮ ਤੇ ਡਿਪਟੀ ਚੀਫ ਪਬਲਿਕ ਹੈਲਥ

ਆਫੀਸਰ ਡਾ. ਹੌਵਰਡ ਨੂ ਨੇ ਆਖਿਆ ਕਿ ਇੱਕਲੇ ਜੂਨ ਵਿੱਚ ਹੀ ਕੈਨੇਡਾ ਨੂੰ 20 ਮਿਲੀਅਨ ਵਾਧੂ ਡੋਜ਼ਾਂ ਮਿਲਣਗੀਆਂ। ਇਸ ਹਫਤੇ ਪੰਜ ਮਿਲੀਅਨ ਡੋਜ਼ਾਂ ਪ੍ਰੋਵਿੰਸਾਂ ਤੇ ਟੈਰੇਟਰੀਜ਼ ਲਈ ਭੇਜ ਦਿੱਤੀਆਂ ਗਈਆਂ ਹਨ ਅਤੇ ਮੰਗਲਵਾਰ ਨੂੰ ਦੇਸ਼ ਭਰ ਵਿੱਚ 30 ਮਿਲੀਅਨ ਡੋਜ਼ਾਂ ਲਾਈਆਂ ਜਾਣਗੀਆਂ।

ਡਾ. ਟੈਮ ਨੇ ਆਖਿਆ ਕਿ ਕੈਨੇਡਾ ਦੇ ਵੈਕਸੀਨ ਵੰਡ ਸਬੰਧੀ ਪ੍ਰੋਗਰਾਮ ਨੂੰ ਬੂਰ ਪੈ ਰਿਹਾ ਹੈ, ਹੁਣ ਵੈਕਸੀਨ ਦੀ ਵੱਧ ਤੋਂ ਵੱਧ ਕਵਰੇਜ ਦੇ ਸਕਾਰਾਤਮਕ ਨਤੀਜੇ ਵੀ ਸਾਹਮਣੇ ਆਉਣ ਲੱਗੇ ਹਨ।ਲੋਕ ਘੱਟ ਬਿਮਾਰ ਹੋ ਰਹੇ ਹਨ ਤੇ ਕਮਜ਼ੋਰ ਲੋਕਾਂ ਵਿੱਚ ਵੀ ਮੌਤ ਦੇ ਅੰਕੜੇ ਘਟੇ ਹਨ।




# ਐਸਟ੍ਰਾਜ਼ੈਨੇਕਾ ਦੇ ਨਾਲ ਫਾਈਜ਼ਰ ਜਾਂ ਮੌਡਰਨਾ ਵਿੱਚੋਂ ਕਿਸੇ ਇੱਕ ਦਾ ਦਿੱਤਾ ਜਾ ਸਕਦਾ ਹੈ ਦੂਜਾ ਸ਼ੌਟ

ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਮਾਹਿਰਾਂ ਵੱਲੋਂ ਕੈਨੇਡੀਅਨਾਂ ਨੂੰ ਕੋਵਿਡ-19 ਦੇ ਸਬੰਧ ਵਿੱਚ ਜਿਹੜੀ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਉਹੀ ਲਵਾਉਣ ਲਈ ਆਖਿਆ ਜਾ ਰਿਹਾ ਹੈ, ਖਾਸਤੌਰ ਉੱਤੇ ਉਨ੍ਹਾਂ ਨੂੰ ਜਿਨ੍ਹਾਂ ਨੇ ਐਸਟ੍ਰਾਜ਼ੈਨੇਕਾ ਦਾ ਪਹਿਲਾ ਸ਼ੌਟ ਲਵਾਇਆ ਹੋਇਆ ਹੈ। ਵੇਖਣ ਵਿੱਚ ਆਇਆ ਹੈ ਕਿ ਕੁੱਝ ਲੋਕ ਫਾਈਜ਼ਰ-ਬਾਇਓਐਨਟੈਕ ਦੀ ਥਾਂ ਉੱਤੇ ਮੌਡਰਨਾ ਨੂੰ ਦੂਜੀ ਡੋਜ਼ ਵਜੋਂ ਲੈਣ ਤੋਂ ਇਨਕਾਰ ਕਰ ਰਹੇ ਹਨ।




ਬਰਲਿੰਗਟਨ, ਉਨਟਾਰੀਓ ਵਿੱਚ ਜੋਸਫ ਬ੍ਰੈਂਟ ਹੌਸਪਿਟਲ ਦੇ ਇਨਫੈਕਸ਼ੀਅਸ ਡਜ਼ੀਜ਼ ਦੇ ਮਾਹਿਰ ਡਾ॰ ਡੇਲ ਕਲੀਨਾ ਨੇ ਆਖਿਆ ਕਿ ਮੌਡਰਨਾ ਤੇ ਫਾਈਜ਼ਰ ਕਾਫੀ ਇੱਕੋ ਜਿਹੀਆਂ ਵੈਕਸੀਨਜ਼ ਹਨ ਤੇ ਕੇਨੇਡੀਅਨਾਂ ਨੂੰ ਇੱਕ ਦੀ ਥਾਂ ਉੱਤੇ ਦੂਜੀ ਦੀ ਡੋਜ਼ ਲੈਣ ਤੋਂ ਡਰਨਾ ਨਹੀਂ ਚਾਹੀਦਾ। ਇੱਕ ਇੰਟਰਵਿਊ ਵਿੱਚ ਕਲੀਨਾ ਨੇ ਆਖਿਆ ਕਿ ਇਹ ਪਛਾਣ ਹੋਣੀ ਵੀ ਜ਼ਰੂਰੀ ਹੈ ਕਿ ਜਿਸ ਆਬਾਦੀ ਲਈ ਇਨ੍ਹਾਂ ਵੈਕਸੀਨਜ਼ ਨੂੰ ਮਨਜ਼ੂਰੀ ਦਿੱਤੀ ਗਈ ਹੈ ਉਨ੍ਹਾਂ ਨੂੰ ਇਹ ਬਦਲ ਕੇ ਵੀ ਦਿੱਤੀਆਂ ਜਾ ਸਕਦੀਆਂ ਹਨ।

ਕੈਨੇਡਾ ਦੀ ਨੈਸ਼ਨਲ ਐਡਵਾਈਜ਼ਰੀ ਆਫ ਇਮਿਊਨਾਈਜ਼ੇਸ਼ਨ (ਐਨ ਏ ਸੀ ਆਈ) ਨੇ ਪਹਿਲੀ ਜੂਨ ਨੂੰ ਆਪਣੇ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਵਿੱਚ ਤਬਦੀਲੀ ਕਰਦਿਆਂ ਕੋਵਿਡ-19 ਦੀਆਂ ਵੈਕਸੀਨਜ਼ ਨੂੰ ਰਲਾ ਮਿਲਾ ਕੇ ਵਰਤਣ ਦੀ ਇਜਾਜ਼ਤ ਦਿੱਤੀ ਸੀ।ਇਸ ਵਿੱਚ ਇਹ ਆਖਿਆ ਗਿਆ ਸੀ ਕਿ ਐਸਟ੍ਰਾਜ਼ੈਨੇਕਾ ਆਕਸਫੋਰਡ-ਕੋਵੀਸ਼ੀਲਡ ਦੀ ਪਹਿਲੀ ਡੋਜ਼ ਤੋਂ ਬਾਅਦ ਦੂਜੀ ਡੋਜ਼ ਐਸਟ੍ਰਾਜ਼ੈਨੇਕਾ ਦੀ ਵੀ ਦਿੱਤੀ ਜਾ ਸਕਦੀ ਹੈ ਤੇ ਜਾਂ ਫਿਰ ਉਸ ਦੀ ਥਾਂ ਉੱਤੇ ਦੂਜੀ ਡੋਜ਼ ਫਾਈਜ਼ਰ-ਬਾਇਓਐਨਟੈਕ ਜਾਂ ਮੌਡਰਨਾ ਦੀ ਵੀ ਦਿੱਤੀ ਜਾ ਸਕਦੀ ਹੈ।

ਹੁਣ ਹੋਰ ਨਵੇਂ ਨਿਰਦੇਸ਼ਾਂ ਅਨੁਸਾਰ ਐਨ ਏ ਸੀ ਆਈ ਵੱਲੋਂ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਫਾਈਜ਼ਰ ਤੇ ਮੌਡਰਨਾ ਵੈਕਸੀਨਜ਼ ਨੂੰ ਪਹਿਲੀ ਤੇ ਦੂਜੀ ਡੋਜ਼ ਲਈ ਮਿਕਸ ਕਰਕੇ ਵੀ ਲਾਇਆ ਜਾ ਸਕਦਾ ਹੈ, ਭਾਵ ਜੇ ਪਹਿਲੀ ਡੋਜ਼ ਫਾਈਜ਼ਰ ਦੀ ਲਾਈ ਗਈ ਹੈ ਤਾਂ ਦੂਜੀ ਡੋਜ਼ ਮੌਡਰਨਾ ਦੀ ਲਾਈ ਜਾ ਸਕਦੀ ਹੈ ਤੇ ਜੇ ਪਹਿਲੀ ਡੋਜ਼ ਮੌਡਰਨਾ ਦੀ ਲਾਈ ਗਈ ਹੈ ਤਾਂ ਦੂਜੀ ਡੋਜ਼ ਫਾਈਜਰ ਦੀ ਲਾਈ ਜਾ ਸਕਦੀ ਹੈ।

# ਨੌਟਵਿਦਸਟੈਂਡਿੰਗ ਕਲਾਜ਼ ਦੀ ਮੱਦਦ ਨਾਲ ਉਨਟਾਰੀਓ ਨੇ ਪਾਸ ਕੀਤਾ ਚੋਣਾਂ ਵਿੱਚ ਖਰਚਿਆਂ ਸਬੰਧੀ ਬਿੱਲ

ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਉਨਟਾਰੀਓ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੇ ਸੋਮਵਾਰ ਨੂੰ ਨੌਟਵਿਦਸਟੈਂਡਿੰਗ ਕਲਾਜ਼ ਦੀ ਵਰਤੋਂ ਕਰਦਿਆਂ ਹੋਇਆਂ ਤੀਜੀ ਪਾਰਟੀ ਵੱਲੋਂ ਇਸ਼ਤਿਹਾਰਾਂ ਉੱਤੇ ਕੀਤੇ ਜਾਣ ਵਾਲੇ ਖਰਚੇ ਨੂੰ ਸੀਮਤ ਕਰਨ ਲਈ ਬਿੱਲ ਪਾਸ ਕਰ ਦਿੱਤਾ। ਇਸ ਦੌਰਾਨ ਵਿਰੋਧੀ ਧਿਰ ਨੇ "ਸ਼ਰਮ ਕਰੋ" ਦੇ ਨਾਅਰੇ ਵੀ ਲਾਏ।



ਸਰਕਾਰ ਨੇ ਬਿੱਲ 307 ਪਾਸ ਕਰਨ ਲਈ ਨੌਟਵਿਦਸਟੈਂਡਿੰਗ ਕਲਾਜ਼ ਦੀ ਵਰਤੋਂ ਕੀਤੀ, ਜਿਸ ਨਾਲ ਉਸ ਇਲੈਕਸ਼ਨ ਫਾਇਨਾਂਸਿਜ਼ ਐਕਟ ਵਿੱਚ ਸੋਧ ਨੂੰ ਮੁੜ ਪੇਸ਼ ਕੀਤਾ ਗਿਆ ਜਿਸ ਨੂੰ ਪਿਛਲੇ ਹਫਤੇ ਇੱਕ ਜੱਜ ਨੇ ਗੈਰਸੰਵਿਧਾਨਕ ਕਰਾਰ ਦਿੱਤਾ ਸੀ। ਇਸ ਕਲਾਜ਼ ਤਹਿਤ ਵਿਧਾਨਸਭਾ ਪੰਜ ਸਾਲਾਂ ਦੇ ਅਰਸੇ ਲਈ ਚਾਰਟਰ ਦੇ ਕਿਸੇ ਹਿੱਸੇ ਨੂੰ ਰੱਦ ਕਰ ਸਕਦੀ ਹੈ।ਵਿਰੋਧੀ ਪਾਰਟੀਆਂ ਨੇ ਆਖਿਆ ਕਿ ਅਜਿਹਾ ਕਰਕੇ ਫੋਰਡ ਸਰਕਾਰ ਅਗਲੇ ਸਾਲ ਹੋਣ ਵਾਲੀਆਂ ਪ੍ਰੋਵਿੰਸ਼ੀਅਲ ਚੋਣਾਂ ਤੋਂ ਪਹਿਲਾਂ ਹੀ ਆਲੋਚਕਾਂ ਦੇ ਮੂੰਹ ਬੰਦ ਕਰਨਾ ਚਾਹੁੰਦੀ ਹੈ।

ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਇਹ ਅਜਿਹੇ ਵਿਅਕਤੀ ਦੀ ਚਾਲ ਹੈ ਜਿਹੜਾ ਸੱਤਾ ਦਾ ਸੁਖ ਤਿਆਗਣਾ ਨਹੀਂ ਚਾਹੁੰਦਾ। ਐਨਡੀਪੀ ਵੱਲੋਂ ਸਾਰਾ ਦਿਨ ਮਹਾਂਮਾਰੀ ਨਾਲ ਸਬੰਧਤ ਕਈ ਮਤੇ ਲਿਆਂਦੇ ਗਏ ਤੇ ਇਹ ਵੀ ਆਖਿਆ ਗਿਆ ਕਿ ਇਸ ਤਰ੍ਹਾਂ ਦੇ ਖਾਹਮਖਾਹ ਦੇ ਮਤਿਆਂ ਨਾਲੋਂ ਸਰਕਾਰ ਦਾ ਧਿਆਨ ਮਹਾਂਮਾਰੀ ਨਾਲ ਜੁੜੇ ਮਤਿਆਂ ਵੱਲ ਹੋਣਾ ਚਾਹੀਦਾ ਹੈ।ਕੁਈਨਜ਼ ਪਾਰਕ ਵਿੱਚ ਆਪਣਾ ਪੱਖ ਰੱਖਦਿਆਂ ਫੋਰਡ ਨੇ ਆਖਿਆ ਕਿ ਅਸੀਂ ਜਮਹੂਰੀਅਤ ਲਈ ਲੜ ਰਹੇ ਹਾਂ। ਉਨ੍ਹਾਂ ਆਖਿਆ ਕਿ ਲੋਕਾਂ ਦੀ ਹਿਫਾਜ਼ਤ ਲਈ ਉਹ ਸਾਰਾ ਦਿਨ ਤੇ ਸਾਰੀ ਰਾਤ ਕੰਮ ਕਰ ਸਕਦੇ ਹਨ।

# 2030 ਤੱਕ ਚੱਲ ਸਕਦੀ ਹੈ ਸੈਂਟਰ ਬਲਾਕ ਦੀ ਮੁਰੰਮਤ, ਹੋਵੇਗਾ 5 ਬਿਲੀਅਨ ਡਾਲਰ ਦਾ ਖਰਚਾ



ਓਟਵਾ, 17 ਜੂਨ (ਪੋਸਟ ਬਿਊਰੋ) : ਪਾਰਲੀਆਮੈਂਟ ਦੀ ਮੁਰੰਮਤ ਦਾ ਚੱਲ ਰਿਹਾ ਕੰਮ ਘੱਟੋ ਘੱਟ 2030 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ ਤੇ ਇਸ ਕੰਮ ਉੱਤੇ 5 ਬਿਲੀਅਨ ਡਾਲਰ ਖਰਚਾ ਆਵੇਗਾ। ਫੈਡਰਲ ਸਰਕਾਰ ਨੇ ਵੀਰਵਾਰ ਨੂੰ ਇਸ ਸਬੰਧ ਵਿੱਚ ਐਲਾਨ ਕੀਤਾ ਕਿ ਇਸ ਪ੍ਰੋਜੈਕਟ ਦੇ ਕਾਫੀ ਗੁੰਝਲਦਾਰ ਹੋਣ ਕਾਰਨ ਤੇ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੇ ਅਸੁਖਾਵੇਂ ਹਾਲਾਤ ਦੇ ਮੱਦੇਨਜ਼ਰ ਸੈਂਟਰ ਬਲਾਕ ਤੇ ਪਾਰਲੀਆਮੈਂਟ ਵੈਲਕਮ ਸੈਂਟਰ 2030-31 ਵਿੱਚ ਬਣ ਕੇ ਤਿਆਰ ਹੋਣ ਦੀ ਸੰਭਾਵਨਾ ਹੈ। ਇੱਕ ਦਹਾਕੇ ਤੋਂ ਵੀ ਵੱਧ ਸਮੇਂ ਦੀ ਯੋਜਨਾਬੰਦੀ ਤੋਂ ਬਾਅਦ, ਇਮਾਰਤ ਦੀ ਮੁਰੰਮਤ ਦਾ ਕੰਮ ਤਾਂ ਸ਼ੁਰੂ ਹੋ ਗਿਆ ਹੈ। ਇਸ ਕੰਮ ਦੀ ਨਿਗਰਾਨੀ ਕਰ ਰਹੇ ਫੈਡਰਲ ਅਧਿਕਾਰੀਆਂ ਨੇ ਇਸ ਪ੍ਰੋਜੈਕਟ ਦੇ ਫਾਈਨਲ ਡਿਜ਼ਾਈਨ, ਸਕੋਪ ਆਦਿ ਬਾਰੇ ਵੀ ਜਾਣਕਾਰੀ ਦਿੱਤੀ।

ਅਧਿਕਾਰੀਆਂ ਨੇ ਦੱਸਿਆ ਕਿ ਕੈਨੇਡਾ ਵਿੱਚ ਇਹ ਸੱਭ ਤੋਂ ਵੱਡੀ ਤੇ ਵਿਰਾਸਤੀ ਇਮਾਰਤ ਦੀ ਬੇਹੱਦ ਗੁੰਝਲਦਾਰ ਮੁਰੰਮਤ ਦਾ ਕੰਮ ਹੈ, ਇਸ ਮੁਰੰਮਤ ਦੌਰਾਨ ਇਮਾਰਤ ਦੇ ਕਈ ਇਤਿਹਾਸਕ ਹਿੱਸਿਆਂ ਨੂੰ ਬਰਕਰਾਰ ਰੱਖਦਿਆਂ ਹੋਇਆਂ ਮੁੜ ਇਨਸਟਾਲ ਕੀਤਾ ਜਾਵੇਗਾ ਤੇ ਇਸ ਇਮਾਰਤ ਨੂੰ ਕੁੱਝ ਆਧੁਨਿਕ ਰੰਗਤ ਵੀ ਦਿੱਤੀ ਜਾਵੇਗੀ।

ਅਸਲ ਵਿੱਚ ਸੈਂਟਰ ਬਲਾਕ ਵਿੱਚ ਹਾਊਸ ਆਫ ਕਾਮਨਜ਼ ਚੇਂਬਰ ਵੀ ਹੈ ਤੇ ਸੈਨੇਟ ਚੇਂਬਰ ਵੀ ਹੈ ਪਰ ਪਾਰਲੀਆਮੈਂਟੇਰੀਅਨਜ਼ 2018 ਦੇ ਅਖੀਰ ਵਿੱਚ ਹੀ ਇਸ ਇਮਾਰਤ ਤੋਂ ਬਾਹਰ ਆ ਗਏ ਸਨ ਤੇ ਹੁਣ ਉਨ੍ਹਾਂ ਨੂੰ ਘੱਟੋ ਘੱਟ ਅਗਲੇ ਦਸ ਸਾਲ ਆਰਜ਼ੀ ਤੌਰ ਉੱਤੇ ਹੀ ਸਹੀ ਵੈਸਟ ਬਲਾਕ ਤੇ ਸੈਨੇਟ ਆਫ ਕੈਨੇਡਾ ਦੀਆਂ ਇਮਾਰਤਾਂ ਵਿੱਚ ਕੰਮ ਕਰਨਾ ਹੋਵੇਗਾ।

# ਹਾਰਪਰ ਯੁੱਗ ਦੀਆਂ ਨੀਤੀਆਂ ਦੇ ਸਬੰਧ ਵਿੱਚ ਟੋਰੀ ਐਮਪੀ ਟਿੰਮ ਉੱਪਲ ਨੇ ਕੈਨੇਡੀਅਨਜ਼ ਤੋਂ ਮੰਗੀ ਮੁਆਫੀ

ਓਟਵਾ, 17 ਜੂਨ (ਪੋਸਟ ਬਿਊਰੋ) : ਸਾਬਕਾ ਕੰਜ਼ਰਵੇਟਿਵ ਕੈਬਨਿਟ ਮੰਤਰੀ ਟਿੰਮ ਉੱਪਲ ਨੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਯੁੱਗ ਦੀਆਂ ਸੱਭਿਆਚਾਰਕ ਵੰਡੀਆਂ ਪਾਉਣ ਵਾਲੀਆਂ ਨੀਤੀਆਂ ਖਿਲਾਫ ਉਸ ਸਮੇਂ ਆਵਾਜ਼ ਨਾ ਉਠਾਉਣ ਲਈ ਕੈਨੇਡੀਅਨਜ਼ ਤੋਂ ਮੁਆਫੀ ਮੰਗੀ ਹੈ।



ਫੇਸਬੁੱਕ ਪੋਸਟ ਵਿੱਚ ਟੋਰੀ ਐਮਪੀ ਟਿੰਮ ਉੱਪਲ ਨੇ ਆਖਿਆ ਕਿ ਇਸ ਮਹੀਨੇ ਲੰਡਨ, ਉਨਟਾਰੀਓ ਦੇ ਮੁਸਲਿਮ ਪਰਿਵਾਰ ਉੱਤੇ ਹੋਏ ਹਮਲੇ ਤੋਂ ਬਾਅਦ ਕੈਨੇਡੀਅਨਾਂ ਨੂੰ ਸੁਰੱਖਿਅਤ ਕਿਵੇਂ ਮਹਿਸੂਸ ਕਰਵਾਇਆ ਜਾਵੇ ਇਸ ਬਾਰੇ ਉਹ ਲੋਕਾਂ ਨਾਲ ਗੱਲ ਕਰ ਰਹੇ ਸਨ। ਹਾਰਪਰ ਸਰਕਾਰ ਸਮੇਂ ਮਨਿਸਟਰ ਆਫ ਸਟੇਟ ਫੌਰ ਮਲਟੀਕਲਚਰਲਿਜ਼ਮ, ਉੱਪਲ ਸਿਟੀਜ਼ਨਸ਼ਿਪ ਦੀ ਸੰਹੁ ਚੁੱਕਣ ਸਮੇਂ ਨਕਾਬ ਪਾਉਣ ਉੱਤੇ ਪਾਬੰਦੀ ਲਾਉਣ ਬਾਰੇ ਬਿੱਲ ਦੇ ਬੁਲਾਰੇ ਸਨ।

2015 ਵਿੱਚ ਮੁੜ ਚੋਣਾਂ ਲਈ ਕੈਂਪੇਨਿੰਗ ਕਰਦਿਆਂ ਹੋਇਆਂ ਵੀ ਪਾਰਟੀ ਨੇ ਕਈ ਅਜੀਬ ਸੱਭਿਆਚਾਰਕ ਰੁਝਾਨਾਂ ਦਾ ਪ੍ਰਸਤਾਵ ਰੱਖਿਆ, ਜਿਨ੍ਹਾਂ ਵਿੱਚੋਂ ਇੱਕ ਸੀ ਕਿ ਲੋਕ ਫੋਨ ਕਰਕੇ ਦੂਜਿਆ ਦੇ ਕਥਿਤ ਇਤਰਾਜ਼ਯੋਗ ਰੁਝਾਨਾਂ ਬਾਰੇ ਅਧਿਕਾਰੀਆਂ ਨੂੰ ਜਾਣਕਾਰੀ ਦੇ ਸਕਦੇ ਹਨ। ਉੱਪਲ ਨੇ ਆਖਿਆ ਕਿ ਲਿਬਰਲਾਂ ਵੱਲੋਂ ਕੰਜ਼ਰਵੇਟਿਵਾਂ ਨੂੰ ਹਰਾਉਣ ਤੋਂ ਬਾਅਦ ਉਨ੍ਹਾਂ ਇਸ ਤਰ੍ਹਾਂ ਦੀ ਵੰਡੀਆਂ ਪਾਉਣ ਵਾਲੀ ਸਿਆਸਤ ਦੇ ਸਬੰਧ ਵਿੱਚ ਕੈਨੇਡੀਅਨਜ਼ ਨਾਲ ਕਾਫੀ ਗੱਲਬਾਤ ਕੀਤੀ।

ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਾਅਦ ਉਹ ਇਹ ਸਮਝ ਸਕੇ ਹਨ ਕਿ ਨਕਾਬ ਸਬੰਧੀ ਨੀਤੀ ਤੇ ਚੋਣ ਕੈਂਪੇਨ ਦੌਰਾਨ ਹੋਰ ਪ੍ਰਸਤਾਵਾਂ ਤੇ ਨੀਤੀਆਂ ਕਾਰਨ ਮੁਸਲਿਮ ਕੈਨੇਡੀਅਨਜ਼ ਕਿਵੇਂ ਸਾਰਿਆਂ ਤੋਂ ਅਲੱਗ ਥਲੱਗ ਹੋ ਗਏ ਤੇ ਇਸ ਤਰ੍ਹਾਂ ਕਿਵੇਂ ਇਸ ਸੱਭ ਨੇ ਕੈਨੇਡਾ ਵਿੱਚ ਇਸਲਾਮੋਫੋਬੀਆ ਵਰਗੀ ਸਮੱਸਿਆ ਪੈਦਾ ਕਰਨ ਵਿੱਚ ਯੋਗਦਾਨ ਪਾਇਆ।

ਉਨ੍ਹਾਂ ਆਖਿਆ ਕਿ ਜਦੋਂ ਇਸ ਤਰ੍ਹਾਂ ਦੀਆਂ ਨੀਤੀਆਂ ਬਾਰੇ ਚਰਚਾ ਚੱਲ ਰਹੀ ਸੀ ਤਾਂ ਉਨ੍ਹਾਂ ਨੂੰ ਆਪਣੀ ਸੀਟ ਦੀ ਵਰਤੋਂ ਕਰਦੇ ਹੋਏ ਇਸ ਤਰ੍ਹਾਂ ਦੀਆਂ ਵੰਡੀਆਂ ਪਾਉਣ ਵਾਲੀਆਂ ਨੀਤੀਆਂ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਸੀ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਮਜ਼ਬੂਤੀ ਨਾਲ ਆਵਾਜ਼ ਨਾ ਉਠਾਉਣ ਲਈ ਤੇ ਇੱਕ ਤਰ੍ਹਾਂ ਆਪਣੀ ਭੂਮਿਕਾ ਸਹੀ ਢੰਗ ਨਾਲ ਨਾ ਨਿਭਾਉਣ ਲਈ ਉਹ ਸਾਰੇ ਕੈਨੇਡੀਅਨਜ਼ ਤੋਂ ਮੁਆਫੀ ਮੰਗਦੇ ਹਨ।ਉਨ੍ਹਾਂ ਆਖਿਆ ਕਿ ਕੈਨੇਡਾ ਨੂੰ ਬਿਹਤਰ ਥਾਂ ਬਣਾਉਣਾ ਸਾਡੇ ਸਾਰਿਆਂ ਦੇ ਹੱਥ ਵਿੱਚ ਹੈ।

# ਫਰੈਂਚ ਭਾਸ਼ਾ ਦੀ ਹਿਫਾਜ਼ਤ ਲਈ ਲਿਬਰਲਾਂ ਨੇ ਪੇਸ਼ ਕੀਤਾ ਬਿੱਲ



ਓਟਵਾ, 17 ਜੂਨ (ਪੋਸਟ ਬਿਊਰੋ) : ਲਿਬਰਲਾਂ ਵੱਲੋਂ ਕੈਨੇਡਾ ਵਿੱਚ ਫਰੈਂਚ ਦੀ ਹਿਫਾਜ਼ਤ ਕਰਨ ਤੇ ਇਸ ਦੀ ਸਥਿਤੀ ਹੋਰ ਮਜ਼ਬੂਤ ਕਰਨ ਲਈ ਬਿੱਲ ਪੇਸ਼ ਕੀਤਾ ਜਾ ਰਿਹਾ ਹੈ। ਤਿੰਨ ਦਹਾਕਿਆਂ ਤੋਂ ਵੀ ਵੱਧ ਸਮੇਂ ਵਿੱਚ ਆਫੀਸ਼ੀਅਲ ਲੈਂਗੁਏਜ ਐਕਟ ਨੂੰ ਓਵਰਹਾਲ ਕਰਨ ਲਈ ਇਹ ਮਾਰਿਆ ਜਾ ਰਿਹਾ ਸੱਭ ਤੋਂ ਵੱਡਾ ਹੰਭਲਾ ਹੈ।

ਆਫੀਸ਼ੀਅਲ ਲੈਂਗੁਏਜਿਜ਼ ਮੰਤਰੀ ਮਿਲੇਨੀ ਜੋਲੀ ਨੇ ਅੱਜ ਸਵੇਰੇ ਹਾਊਸ ਆਫ ਕਾਮਨਜ਼ ਵਿੱਚ ਇਹ ਬਿੱਲ ਪੇਸ਼ ਕੀਤਾ। ਇਸ ਬਿੱਲ ਵਿੱਚ ਫੈਡਰਲ ਕੰਮ ਵਾਲੀਆਂ ਥਾਂਵਾਂ, ਇਮੀਗ੍ਰੇਸ਼ਨ ਤੇ ਇੱਥੋਂ ਤੱਕ ਕਿ ਸੁਪਰੀਮ ਕੋਰਟ ਜੱਜ ਦੀ ਚੋਣ ਕਰਨ ਵਰਗੇ ਸੁਧਾਰਾਂ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਇਸ ਬਿੱਲ ਨੂੰ ਸੀ-32 ਦਾ ਨਾਂ ਦਿੱਤਾ ਗਿਆ ਹੈ। ਇਸ ਨਾਲ ਆਫੀਸ਼ੀਅਲ ਲੈਂਗੁਏਜ ਕਮਿਸ਼ਨਰ ਨੂੰ ਹੋਰ ਸ਼ਕਤੀਆਂ ਮਿਲ ਜਾਣਗੀਆਂ ਤੇ ਉਹ ਫੈਡਰਲ ਤੌਰ ਉੱਤੇ ਨਿਯੰਤਰਣ ਵਾਲੀਆਂ ਕੰਮ ਵਾਲੀਆਂ ਥਾਂਵਾਂ ਉੱਤੇ ਫਰੈਂਚ ਭਾਸ਼ਾ ਦੀ ਜਾਣਕਾਰੀ ਰੱਖਣ ਵਾਲੇ ਲੋਕਾਂ ਨੂੰ ਤਰਜੀਹ ਦੇਣ ਲਈ ਕੰਪਨੀਆਂ ਉੱਤੇ ਦਬਾਅ ਪਾਉਣਗੇ।

ਜੋਲੀ ਨੇ ਆਖਿਆ ਕਿ ਇਹ ਬਿੱਲ ਕੁੱਝ ਅਜਿਹੇ ਘਟਨਾਕ੍ਰਮ ਦਾ ਨਤੀਜਾ ਹੈ ਜਿਹੜੇ ਅਜੇ ਸਾਹ-ਮਣੇ ਨਹੀਂ ਆਏ। ਇਸ ਬਿੱਲ ਨੂੰ ਪਹਿਲੀ ਵਾਰੀ 1969 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਪਿਏਰੇ ਟਰੂਡੋ ਵੇਲੇ ਪਾਸ ਕੀਤਾ ਗਿਆ ਸੀ।



## ਅੱਜ ਨਾਮਾ

ਟੱਕਰ ਦਿੱਲੀ ਵਿੱਚ ਚੱਲਦੀ ਸਦਾ ਰਹਿੰਦੀ,
ਝਗੜਾ ਕੇਂਦਰ ਦੇ ਨਾਲ ਪਿਆ ਰਹੇ ਬੇਲੀ।
ਕੇਜਰੀਵਾਲ ਕੋਈ ਫਾਈਲ ਵੀ ਭੇਜਦਾ ਤਾਂ,
ਕੇਂਦਰ ਵਾਹ ਲੱਗਦੀ ਹਾਂ ਨਹੀਂ ਕਹੇ ਬੇਲੀ।
ਕੇਂਦਰ ਵਾਲੇ ਜੇ ਨਵਾਂ ਕੁਝ ਕਦਮ ਚੁੱਕਣ,
ਕੇਜਰੀਵਾਲ ਵੀ ਉਹਨੂੰ ਨਹੀਂ ਸਹੇ ਬੇਲੀ।
ਦਿੱਲੀ-ਕੇਂਦਰ ਦੀ ਚੱਲੀ ਜਾਏ ਖਹਿਬਾਜ਼ੀ,
ਕੋਈ ਵੀ ਦੂਜੇ ਦੇ ਲਾਗੇ ਨਹੀਂ ਬਹੇ ਬੇਲੀ।
ਚਾਹੁੰਦੇ ਲੋਕੀਂ ਕਿ ਕੰਮ ਕੋਈ ਸਿਰੇ ਪਹੁੰਚੇ,
ਅੜਿੱਕੇ ਰਾਹਾਂ ਦੇ ਗਿਣੇ ਨਹੀਂ ਜਾਣ ਬੇਲੀ।
ਜੜ੍ਹੀਂ ਬਹਿ ਗਿਆ ਲੋਕਾਂ ਦੇ ਲੋਕ-ਤੰਤਰ,
ਜਨਤਕ ਹਿੱਤਾਂ ਦਾ ਹੋਗਿਆ ਘਾਣ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਕਾਂਗਰਸ ਵਿੱਚ ਹਲਚਲ: ਕੈਪਟਨ ਅਤੇ ਬਾਜਵਾ ਦੋਵੇਂ ਜਣੇ ਸਿੱਧੂ ਵਿਰੁੱਧ ਇਕੱਠੇ ਹੋਣ ਲੱਗੇ



ਚੰਡੀਗੜ੍ਹ, 17 ਜੂਨ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿਚ ਚੱਲਦੇ ਝਗੜੇ ਦੌਰਾਨਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਕੱਟੜ ਆਲੋਚਕ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਸੰਬੰਧਾਂ ਵਿਚ ਗਰਮਾਹਟ ਆ ਰਹੀ ਹੈ ਅਤੇ ਚਰਚਾ ਹੈ ਕਿ ਕੱਲ੍ਹ ਬੁੱਧਵਾਰ ਦੋਵਾਂ ਵਿਚਾਲੇ ਇਕ ਗੁਪਤ ਮੀਟਿੰਗ ਵੀ ਹੋ ਗਈ ਹੈ, ਜਿਸ ਵਿਚ ਤਾਜ਼ਾ ਹਾਲਾਤ ਅਤੇ ਭਵਿੱਖ ਬਾਰੇ ਚਰਚਾ ਕੀਤੀ ਗਈ ਹੈ।ਦੋਵਾਂ ਆਗੂਆਂ ਦੇ ਸੰਬੰਧ ਸੁਧਾਰਨ ਵਿਚ ਮੁੱਖ ਮੰਤਰੀ ਦੀ ਪਤਨੀ ਤੇ ਪਟਿਆਲੇ ਤੋਂ ਪਾਰਲੀਮੈਂਟ ਮੈਂਬਰ ਪਰਨੀਤ ਕੌਰ ਅਤੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਜਸਬੀਰ ਸਿੰਘ ਡਿੰਪਾ ਨੇ ਅਹਿਮ ਭੂਮਿਕਾ ਨਿਭਾਈ ਹੈ, ਜਿਸ ਦੇ ਬਾਅਦ ਕੱਲ੍ਹ ਦੋਵੇਂ ਜਣੇ ਇਕੱਠੇ ਇਕ ਮੇਜ਼ ਉੱਤੇ ਬੈਠਣ ਲਈ ਤਿਆਰ ਹੋਏ ਸਨ।

ਮਿਲੀ ਜਾਣਕਾਰੀ ਅਨੁਸਾਰ ਜਿੱਦਾਂ ਕਾਂਗਰਸ ਹਾਈ ਕਮਾਨ ਨੇ ਨਵਜੋਤ ਸਿੰਘ ਸਿੱਧੂ ਵੱਲ ਨਰਮ ਰੁਖ਼ ਧਾਰਨ ਕੀਤਾ ਹੈ, ਉਸ ਨੂੰ ਦੇਖ ਕੇ ਟਕਸਾਲੀ ਕਾਂਗਰਸੀ ਕਾਫ਼ੀ ਖਿਝੇ ਹੋਏ ਹਨ। ਨਵਜੋਤ ਸਿੰਘ ਸਿੱਧੂ ਵੱਲ ਹਾਈ ਕਮਾਨ ਦਾ ਨਰਮ ਰੁਖ਼ ਦੇਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਤਾਪ ਸਿੰਘ ਬਾਜਵਾ ਇਕੱਠੇ ਹੋਣ ਲਈ ਤਿਆਰ ਹੋਏ ਹਨ। ਦੱਸਿਆ ਜਾਂਦਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਹਾਈ ਕਮਾਨ ਨੂੰ ਸਾਫ ਕਹਿ ਦਿੱਤਾ ਹੈ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਰਕਾਰ ਵਿਚ ਕੰਮ ਨਹੀਂ ਕਰ ਸਕਦੇ। ਦੂਸਰੇ ਪਾਸੇ ਸਿੱਧੂ ਦੇ ਸਮੱਰਥਕ ਉਸ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਲਈ ਲਗਾਤਾਰ ਹਾਈ ਕਮਾਨ ਉੱਤੇ ਦਬਾਅ ਬਣਾ ਰਹੇ ਹਨ, ਜਦਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਵੀ ਨਹੀਂ ਦੇਖਣਾ ਚਾਹੁੰਦੇ। ਇਸ ਦੌਰਾਨ ਪੰਜਾਬ ਕਾਂਗਰਸ ਦਾ ਝਗੜਾ ਨਿਬੇੜਨ ਵਾਸਤੇ ਬਣਾਈ ਗਈ ਕੇਂਦਰ ਦੀ ਤਿੰਨ ਮੈਂਬਰੀ ਕਮੇਟੀ ਕੋਲ ਕਾਂਗਰਸ ਦੇ ਮੰਤਰੀਆਂ, ਵਿਧਾਇਕਾਂ ਤੇ ਆਗੂਆਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਜਿਵੇਂ ਸ਼ਿਕਾਇਤ ਕੀਤੀ ਹਨ, ਉਸ ਕਾਰਨ ਉਹ ਕਾਫ਼ੀ ਚਿੰਤਤ ਹਨ।

ਚਰਚਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਤਾਪ ਸਿੰਘ ਬਾਜਵਾ ਨਾਲ ਰਿਸ਼ਤੇ ਸੁਧਾਰਨ ਦੇ ਲਈ ਉਨ੍ਹਾਂ ਨਾਲ ਮੀਟਿੰਗ ਬਾਜਵਾ ਦੀ ਕੋਠੀ ਵਿੱਚਜਾ ਕੇ ਕੀਤੀ ਹੈ।ਮੁੱਖ ਮੰਤਰੀ ਅਮਰਿੰਦਰ ਸਿੰਘ ਨਿੱਜੀ ਗੱਡੀਵਿੱਚ ਬਾਜਵਾ ਦੀ ਕੋਠੀ ਪੁੱਜੇ ਸਨ। ਬਾਜਵਾ ਨੇ ਏਦਾਂ ਦੀ ਕਿਸੇ ਮੀਟਿੰਗ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਇਹ ਵਿਰੋਧੀਆਂ ਦਾ ਪ੍ਰਚਾਰ ਹੈ, ਕਿਉਂਕਿ ਉਹ ਹਮੇਸ਼ਾ ਮੁੱਖ ਮੰਤਰੀ ਦੇ ਗ਼ਲਤ ਫ਼ੈਸਲਿਆਂ ਅਤੇ ਕੰਮਾਂ ਵਿਰੁੱਧ ਆਵਾਜ਼ ਉਠਾਉਂਦੇ ਰਹੇ ਹਨ। ਕਾਂਗਰਸ ਦੇ ਪੰਜਾਬ ਦੇ ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਦੋਵਾਂ ਆਗੂਆਂ ਵਿਚਾਲੇ ਸੰਬੰਧ ਸੁਧਾਰਨ ਲਈ ਬੀਬੀ ਪਰਨੀਤ ਕੌਰ ਲਗਾਤਾਰ ਯਤਨ ਕਰ ਰਹੇ ਸਨ।ਕੈਪਟਨ ਅਮਰਿੰਦਰ ਸਿੰਘ ਦੀ ਪੋਤਰੀ ਦੇ ਵਿਆਹ ਮੌਕੇ ਵੀ ਪਰਨੀਤ ਕੌਰ ਪ੍ਰਤਾਪ ਸਿੰਘ ਬਾਜਵਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਨਾ ਸਿਰਫ਼ ਸੱਦਾ ਭੇਜਿਆ, ਸਗੋਂ ਖੁਦ ਫੋਨ ਕਰਕੇ ਆਉਣ ਲਈ ਕਿਹਾ ਸੀ।

ਪਿਛਲੇ ਦਿਨੀਂ ਇਕ ਟੀ ਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਪ੍ਰਤਾਪ ਸਿੰਘ ਬਾਜਵਾ ਨੇ ਨਵਜੋਤ ਸਿੰਘ ਸਿੱਧੂਦੇ ਬਾਰੇ ਕਿਹਾ ਸੀ ਕਿ ਕਾਂਗਰਸ ਕੋਈ ਰੇਲਵੇ ਪਲੇਟਫਾਰਮ ਨਹੀਂ, ਜਿੱਥੇ ਕੋਈ ਵੀ ਉੱਤਰੇ ਅਤੇ ਨਵੀਂ ਗੱਡੀ ਵਿਚ ਬੈਠ ਕੇ ਅੱਗੇ ਚਲਾ ਜਾਵੇ, ਇਸ ਨੂੰ ਟਕਸਾਲੀ ਕਾਂਗਰਸੀ ਹੀ ਚਲਾਉਣਗੇ, ਜੋ ਸੀਨੀਅਰ ਵੀ ਹੋਣ ਤੇ ਭਰੋਸੇਯੋਗ ਵੀ।ਇਸ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨਾਲ ਸੰਬੰਧ ਸੁਧਾਰਨ ਦੀ ਗੱਲ ਅੱਗੇ ਵਧੀ ਦੱਸੀ ਜਾਂਦੀ ਹੈ।

# ਓਨਟਾਰੀਓ ’ਚ ਮੁੱਖ ਪਾਰਟੀਆਂ ਨੇ ਗੈਰਰਸਮੀ ਚੋਣ ਮੁਹਿੰਮ ਦੀ ਕੀਤੀ ਸ਼ੁਰੂਆਤ !



ਟੋਰਾਂਟੋ, 17 ਜੂਨ (ਪੋਸਟ ਬਿਊਰੋ) : ਗੈਰਰਸਮੀ ਤੌਰ ਉੱਤੇ ਓਨਟਾਰੀਓ ਵਿੱਚ ਚੋਣ ਮੁਹਿੰਮ ਦੀ ਸ਼ੁਰੂਆਤ ਹੋ ਚੁੱਕੀ ਹੈ। 2022 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਿਆਸੀ ਪਾਰਟੀਆਂ ਵੱਲੋਂ ਇੱਕ ਦੂਜੇ ਉੱਤੇ ਹਮਲਾ ਬੋਲਣ ਲਈ ਇਸ਼ਤਿਹਾਰਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਇੱਥੇ ਹੀ ਬੱਸ ਨਹੀਂ ਸਿਆਸੀ ਪਲੇਟਫਾਰਮਜ਼ ਦਾ ਵੀ ਖੁਲਾਸਾ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਪਾਰਟੀਆਂ ਆਪਣੀ ਨੀਤੀ ਬਾਰੇ ਜਾਣਕਾਰੀ ਦੇ ਰਹੀਆਂ ਹਨ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਵੀਰਵਾਰ ਨੂੰ ਮਿਲਟਨ, ਓਨਟਾਰੀਓ ਵਿੱਚ ਕੈਂਪੇਨ ਸਟਾਈਲ ਪੜਾਅ ਦੌਰਾਨ ਆਪਣੀ ਪਾਰਟੀ ਦਾ ਚੋਣ ਸੁਨੇਹਾ ਦਿੱਤਾ। ਉਨ੍ਹਾਂ 15 ਸਾਲ ਤੱਕ ਸੱਤਾ ਵਿੱਚ ਰਹੇ ਲਿਬਰਲਾਂ ਨਾਲ ਆਪਣੀ ਪਾਰਟੀ ਦੀ ਤੁਲਨਾ ਕਰਦਿਆਂ ਦੋਵਾਂ ਸਰਕਾਰਾਂ ਦੇ ਕੰਮਕਾਜ ਦੀ ਸ਼ੈਲੀ ਵਿੱਚ ਜ਼ਮੀਨ ਆਸਮਾਨ ਦਾ ਅੰਤਰ ਦੱਸਿਆ ਤੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਮਹਾਂਮਾਰੀ ਤੋਂ ਬਾਅਦ ਉੱਜਲੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੰਮ ਕਰੇਗੀ।

ਸਰਕਾਰੀ ਐਲਾਨ ਦੌਰਾਨ ਫੋਰਡ ਨੇ ਆਖਿਆ ਕਿ ਤੁਸੀਂ ਸਾਰੇ ਅਗਲੀ ਜੂਨ ਇਹ ਫੈਸਲਾ ਕਰੋਂਗੇ ਕਿ ਤੁਸੀਂ ਪ੍ਰੋਵਿੰਸ ਨੂੰ ਅੱਗੇ ਲਿਜਾਣਾ ਚਾਹੁੰਦੇ ਹੋਂ ਜਾਂ ਫਿਰ 15 ਸਾਲਾ ਤੱਕ ਪ੍ਰੋਵਿੰਸ ਦਾ ਬੇੜਾ ਗਰਕ ਕਰਨ ਵਾਲਿਆਂ ਦੇ ਹੱਕ ਵਿੱਚ ਫਤਵਾ ਦੇਣਾ ਚਾਹੁੰਦੇ ਹੋਂ।ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਆਪਾਂ ਸਾਰੇ ਸੁਨਹਿਰੇ ਭਵਿੱਖ ਵੱਲ ਵਧਣਾ ਚਾਹੁੰਦੇ ਹਾਂ।

ਇਹ ਵੀ ਪਤਾ ਲੱਗਿਆ ਹੈ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਆਪਣੇ ਕਾਕਸ ਦੇ ਤਿੰਨ ਮੈਂਬਰਾਂ ਪਾਲ ਕਲੈਂਡਰਾ, ਕਿੰਗਾ ਸੁਰਮਾ ਤੇ ਰੌਡ ਫਿਲਿਪਸ ਨੂੰ 2022 ਲਈ ਪੀਸੀ ਪਾਰਟੀ ਦਾ ਪਲੇਟਫਾਰਮ ਲਿਖਣ ਦੀ ਜ਼ਿੰਮੇਵਾਰੀ ਸੌਂਪੀ ਹੈ।ਪਰ ਅਜਿਹਾ ਕਰਨ ਵਿੱਚ ਸਿਰਫ ਸੱਤਾਧਾਰੀ ਪਾਰਟੀ ਹੀ ਨਹੀਂ ਲੱਗੀ ਹੋਈ ਸਗੋਂ ਚੋਣਾਂ ਤੋਂ ਪਹਿਲਾਂ ਸਾਰੀਆਂ ਮੁੱਖ ਪਾਰਟੀਆਂ ਕਮਰ ਕੱਸੀ ਬੈਠੀਆਂ ਹਨ। ਵੀਰਵਾਰ ਨੂੰ ਓਨਟਾਰੀਓ ਦੀ ਐਨਡੀਪੀ ਨੇ ਫੋਰਡ ਤੇ ਲਿਬਰਲ ਆਗੂ ਸਟੀਵਨ ਡੈਲ ਡੂਕਾ ਉੱਤੇ ਹਮਲਾ ਕਰਨ ਵਾਲਾ ਇਸ਼ਤਿਹਾਰ ਜਾਰੀ ਕੀਤਾ। ਇਸ ਦਾ ਸਿਰਲੇਖ ਦਿੱਤਾ ਗਿਆ “ਬਿੱਗ ਕੱਟਸ, ਬੈਡ ਚੁਆਇਸਿਜ਼।”

ਇਸ ਦੇ ਨਾਲ ਹੀ ਐਨਡੀਪੀ ਵੱਲੋਂ ਆਪਣੀ ਆਗੂ ਐਂਡਰੀਆ ਹੋਰਵਥ ਦੇ ਪ੍ਰੋਵਿੰਸ ਪ੍ਰਤੀ ਸਕਾਰਾਤਮਕ ਨਜ਼ਰੀਏ ਨਾਲ ਸਬੰਧਤ ਇਸ਼ਤਿਹਾਰ ਵੀ ਜਾਰੀ ਕੀਤੇ। ਇਸ ਦੌਰਾਨ ਲਿਬਰਲ ਵੀ ਕਿਸੇ ਤੋਂ ਪਿੱਛੇ ਨਹੀਂ ਹਨ। ਉਨ੍ਹਾਂ ਨੇ ਪਾਰਟੀ ਆਗੂ ਡੈਲ ਡੂਕਾ ਦੀ ਪਾਰਟੀ ਸਮਰਥਕਾਂ ਤੱਕ ਪਹੁੰਚ ਕਰਵਾਉਣ ਲਈ ਨਿਊਜ਼ ਕਾਨਫਰੰਸ ਕਰਵਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਵਾਅਨ ਦ ਸਟੂਡੀਓ ਤੋਂ ਪਾਰਟੀ ਆਪਣੇ ਕੈਂਪੇਨ ਸਬੰਧੀ ਪਲੇਟਫਾਰਮ ਬਾਰੇ ਹੁਣੇ ਤੋਂ ਹੀ ਵਿਚਾਰ ਚਰਚਾ ਕਰ ਰਹੀ ਹੈ।ਵੀਰਵਾਰ ਨੂੰ ਪਾਰਟੀ ਨੇ ਸਿੱਖਿਆ ਸਬੰਧੀ ਆਪਣੇ ਰਿਕਵਰੀ ਪਲੈਨ ਦਾ ਐਲਾਨ ਵੀ ਕੀਤਾ।

# ਓਟੂਲ ਨੇ ਟਰੂਡੋ ਤੋਂ ਰੱਖਿਆ ਮੰਤਰੀ ਨੂੰ ਅਹੁਦੇ ਤੋਂ ਉਤਾਰਨ ਦੀ ਕੀਤੀ ਮੰਗ



ਓਟਵਾ, 17 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਤੇ ਮੁੱਖ ਵਿਰੋਧੀ ਧਿਰ ਦੇ ਆਗੂ ਐਰਿਨ ਓਟੂਲ ਨੇ ਇੱਕ ਬਿਆਨ ਜਾਰੀ ਕਰਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਮੰਗ ਕੀਤੀ ਹੈ ਕਿ ਉਹ ਫੌਰੀ ਤੌਰ ਉੱਤੇ ਰੱਖਿਆ ਮੰਤਰੀ ਹਰਜੀਤ ਸੱਜਣ ਨੂੰ ਅਹੁਦੇ ਤੋਂ ਹਟਾਉਣ।

ਉਨ੍ਹਾਂ ਆਪਣੇ ਬਿਆਨ ਵਿੱਚ ਆਖਿਆ ਕਿ ਹਰਜੀਤ ਸੱਜਣ ਨੇ ਕੈਨੇਡੀਅਨਾਂ ਨੂੰ ਗੁੰਮਰਾਹ ਕੀਤਾ ਹੈ। ਉਨ੍ਹਾਂ ਕੈਨੇਡੀਅਨ ਫਾਈਟਰ ਜੈੱਟ ਫਲੀਟ ਦਾ ਕੁਪ੍ਰਬੰਧ ਕੀਤਾ ਹੈ, ਇਸ ਦੇ ਨਾਲ ਹੀ ਉਨ੍ਹਾਂ ਜਿਨਸੀ ਸ਼ੋਸ਼ਣ ਦੇ ਲੱਗੇ ਦੋਸ਼ਾਂ ਉੱਤੇ ਵੀ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਦੇ ਮੰਤਰੀ ਉੱਤੇ ਫੌਜ ਵਿੱਚੋਂ ਜਿਨਸੀ ਸ਼ੋਸ਼ਣ ਨੂੰ ਖਤਮ ਕਰਨ ਵਰਗੀ ਤਬਦੀਲੀ ਲੈ ਕੇ ਆਉਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਹੁਣ ਪਾਣੀ ਸਿਰ ਉੱਤੋਂ ਲੰਘ ਚੁੱਕਿਆ ਹੈ। ਰੱਖਿਆ ਮੰਤਰੀ ਨੂੰ ਹੁਣ ਸਹੀ ਕਦਮ ਚੁੱਕਣੇ ਹੀ ਹੋਣਗੇ ਤੇ ਜੇ ਉਹ ਅਜਿਹਾ ਨਹੀਂ ਕਰ ਸਕਦੇ ਤਾਂ ਪ੍ਰਧਾਨ ਮੰਤਰੀ ਨੂੰ ਫੌਰੀ ਤੌਰ ਉੱਤੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ। ਓਟੂਲ ਨੇ ਅੱਗੇ ਲਿਖਿਆ ਕਿ ਜਸਟਿਨ ਟਰੂਡੋ ਤੇ ਲਿਬਰਲਾਂ ਕੋਲੋਂ ਘਪਲੇ, ਭ੍ਰਿਸ਼ਟਾਚਾਰ ਤੇ ਆਪਣੀਆਂ ਗਲਤੀਆਂ ਨੂੰ ਲੁਕਾਉਣ ਤੋਂ ਇਲਾਵਾ ਹੋਰ ਉਮੀਦ ਵੀ ਕੀਤੀ ਜਾ ਸਕਦੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਭ੍ਰਿਸ਼ਟਾਚਾਰ ਖ਼ਤਮ ਕਰਨ ਤੇ ਜਵਾਬਦੇਹੀ ਤੈਅ ਕਰਨ ਦਾ ਇੱਕੋ ਰਾਹ ਹੈ ਤੇ ਉਹ ਹਨ ਕੈਨੇਡਾ ਦੇ ਕੰਜ਼ਰਵੇਟਿਵਜ਼।

# ਪੰਜਾਬ ਦੀ ਐਡੀਸ਼ਨਲ ਐਡਵੋਕੇਟ ਜਨਰਲ ਰਾਮੀਜ਼ਾ ਹਾਕਿਮ ਨੇ ਅਹੁਦੇ ਤੋਂ ਅਸਤੀਫਾ ਦਿੱਤਾ

*** ਐਡਵੋਕੇਟ ਜਨਰਲ ਅਤੁਲ ਨੰਦਾ ਦੀ ਪਤਨੀ ਹਨ ਰਾਮੀਜ਼ਾ ਹਾਕਿਮ**



ਚੰਡੀਗੜ੍ਹ, 17 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਭਰੋਸੇਮੰਦ ਸਮਝੇ ਜਾਂਦੇ ਪੰਜਾਬ ਦੇ ਐਡਵੋਕੇਟ ਜਨਰਲ ਅਤੁੱਲ ਨੰਦਾ ਦੀ ਪਤਨੀ ਰਮਜ਼ਾ ਹਕੀਮ ਨੇ ਐਡੀਸ਼ਨਲ ਐਡਵੋਕੇਟ ਜਨਰਲ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।ਜਾਣਕਾਰ ਸੂਤਰਾਂ ਅਨੁਸਾਰ ਉਹ ਮੌਜੂਦਾ ਹਾਲਾਤ ਤੋਂ ਖੁਸ਼ ਨਹੀਂ ਸੀ, ਪਰ ਉਸ ਨੇ ਅਸਤੀਫੇ ਦਾ ਕਾਰਨ ਆਪਣੀ ਨਿੱਜੀ ਪ੍ਰੈਕਟਿਸ ਕਰਨਾਦੱਸਿਆ ਹੈ।ਪਤਾ ਲੱਗਾ ਹੈ ਕਿ ਉਨ੍ਹਾਂ ਬੀਤੀ 1 ਜੂਨ ਨੂੰ ਇਹ ਅਸਤੀਫਾ ਕੈਪਟਨ ਅਮਰਿੰਦਰ ਸਿੰਘ ਨੂੰ ਭੇਜ ਦਿੱਤਾ ਸੀ, ਪਰ ਮੁੱਖ ਮੰਤਰੀ ਨੇ ਇਸ ਨੂੰ ਅੱਜ ਤੱਕ ਪ੍ਰਵਾਨ ਨਹੀਂ ਸੀ ਕੀਤਾ।

ਵਰਨਣ ਯੋਗ ਹੈ ਕਿ ਰਮੀਜ਼ਾ ਹਾਕਿਮ ਪਿਛਲੇ 4 ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਕਈ ਅਹਿਮ ਕੇਸਾਂ ਦੀ ਪੈਰਵੀ ਕਰਦੇ ਰਹੇ ਸਨ, ਜਿਨ੍ਹਾਂ ਵਿਚ ਬਰਗਾੜੀ ਕੇਸ ਤੋਂ ਬਿਨਾ ਆਵਾਜਾਈ ਅਤੇ ਮਾਈਨਿੰਗ ਵਰਗੇ ਮਹੱਤਵ ਪੂਰਨ ਕੇਸ ਸ਼ਾਮਲ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਾਂਗਰਸ ਸਰਕਾਰ ਦੇ ਕੁਝ ਮੰਤਰੀ ਐਡਵੋਕੇਟ ਜਨਰਲ ਅਤੁਲ ਨੰਦਾ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੇ ਹਨ, ਜਿਹੜਾ ਉਨ੍ਹਾਂ ਦੀ ਪਤਨੀ ਰਾਮੀਜ਼ਾ ਨੂੰ ਪਸੰਦ ਨਹੀਂ ਸੀ।ਰਮੀਜ਼ਾ ਨੇ ਆਪਣੀ ਸਰਕਾਰੀ ਟੀਮ ਨੂੰ ਇੱਕ ਸੰਦੇਸ਼ ਵਿਚ ਬੀਤੇ 4 ਸਾਲਾਂ ਤੱਕ ਆਪਣਾ ਸਮਰਥਨ ਕਰਨ ਲਈ ਧੰਨਵਾਦ ਕਿਹਾ ਹੈ।

# ਵੈਂਸ ਨਾਲ ਗੌਲਫ ਖੇਡਣ ਕਾਰਨ ਡਿਫੈਂਸ ਵਾਈਸ ਚੀਫ ਰੂਲੋ ਨੇ ਅਹੁਦੇ ਤੋਂ ਦਿੱਤਾ ਅਸਤੀਫਾ



ਓਟਵਾ, 17 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਕੈਨੇਡੀਅਨ ਆਰਮਡ ਫੋਰਸਿਜ਼ (ਸੀਏਐਫ) ਵਿੱਚ ਸੈਕਿੰਡ ਇਨ ਕਮਾਂਡ ਲੈਫਟੀਨੈਂਟ ਜਨਰਲ ਮਾਈਕਲ ਰੂਲੋ ਆਪਣਾ ਅਹੁਦਾ ਛੱਡ ਰਹੇ ਹਨ।ਜਿਨਸੀ ਦੋਸ਼ਾਂ ਦੇ ਚੱਲਦਿਆਂ ਜਾਂਚ ਦਾ ਸਾਹਮਣਾ ਕਰ ਰਹੇ ਜਨਰਲ ਜੌਨਾਥਨ ਵੈਂਸ ਨਾਲ ਗੌਲਫ ਖੇਡਣ ਕਾਰਨ ਚਰਚਾ ਵਿੱਚ ਆਏ ਰੂਲੋ ਵੱਲੋਂ ਇਹ ਫੈਸਲਾ ਲਿਆ ਗਿਆ ਹੈ।

ਸੀਏਐਫ ਮੈਂਬਰਜ਼ ਨੂੰ ਅਸਤੀਫੇ ਲਈ ਲਿਖੇ ਪੱਤਰ ਵਿੱਚ ਲੈਫਟੀਨੈਂਟ ਜਨਰਲ ਮਾਈਕਲ ਰੂਲੋ ਨੇ ਲਿਖਿਆ ਕਿ ਉਹ ਇਹ ਸਮਝਦੇ ਤੇ ਸਵੀਕਾਰਦੇ ਹਨ ਕਿ ਵੈਂਸ ਤੇ ਵਾਈਸ ਐਡਮਿਰਲ ਕ੍ਰੈਗ ਬੇਨਜ਼, ਜੋ ਕਿ ਰੌਇਲ ਕੈਨੇਡੀਅਨ ਨੇਵੀ ਦੇ ਹੈੱਡ ਹਨ, ਨਾਲ ਗੌਲਫ ਖੇਡਣ ਦਾ ਉਨ੍ਹਾਂ ਦਾ ਫੈਸਲਾ ਗਲਤ ਸੀ ਤੇ ਇਸ ਨਾਲ ਜਾਂਚ ਪ੍ਰਕਿਰਿਆ ਵਿੱਚ ਹੋਰਨਾਂ ਦੇ ਵਿਸ਼ਵਾਸ ਨੂੰ ਵੱਡਾ ਝਟਕਾ ਤੇ ਖੋਰਾ ਲੱਗਿਆ ਹੈ।

ਪੱਤਰ ਵਿੱਚ ਰੂਲੋ ਨੇ ਲਿਖਿਆ ਹੈ ਕਿ ਇਸ ਘਟਨਾ ਤੋਂ ਬਾਅਦ ਉਹ ਫੌਰੀ ਤੌਰ ਉੱਤੇ ਵਾਈਸ ਚੀਫ ਆਫ ਦ ਡਿਫੈਂਸ ਸਟਾਫ ਦੇ ਅਹੁਦੇ ਤੋਂ ਪਾਸੇ ਹੋ ਰਹੇ ਹਨ। ਮੇਜਰ ਜਨਰਲ ਫਰੌਲੇ ਉਦੋਂ ਤੱਕ ਕਾਰਜਕਾਰੀ ਵਾਈਸ ਚੀਫ ਆਫ ਦ ਡਿਫੈਂਸ ਸਟਾਫ ਦੀ ਭੂਮਿਕਾ ਨਿਭਾਉਣਗੇ ਜਦੋਂ ਤੱਕ ਲੈਫਟੀਨੈਂਟ ਜਨਰਲ ਐਲਨ ਕਮਾਂਡ ਨਹੀਂ ਸਾਂਭ ਲੈਂਦੀ।

ਜ਼ਿਕਰਯੋਗ ਹੈ ਕਿ ਜਦੋਂ ਮਿਲਟਰੀ ਦੇ ਉੱਘੇ ਆਗੂਆਂ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗਣੇ ਜਾਰੀ ਰਹੇ ਤਾਂ ਮਾਰਚ ਵਿੱਚ ਲੈਫਟੀਨੈਂਟ ਜਨਰਲ ਫਰਾਂਸਿਜ਼ ਐਲਨ ਨੂੰ ਇਹ ਭੂਮਿਕਾ ਨਿਭਾਉਣ ਲਈ ਚੁਣਿਆ ਗਿਆ। ਇਹ ਭੂਮਿਕਾ ਨਿਭਾਉਣ ਵਾਲੀ ਉਹ ਪਹਿਲੀ ਮਹਿਲਾ ਹੋਵੇਗੀ।

# ਲਾਲ ਕਿਲ੍ਹਾ ਹਿੰਸਾ ਕੇਸ: ਦੀਪ ਸਿੱਧੂ ਤੇ ਹੋਰ ਦੋਸ਼ੀਆਂ ਵਿਰੁੱਧ ਦਿੱਲੀ ਪੁਲਸ ਵੱਲੋਂ ਸਪਲੀਮੈਂਟਰੀ ਚਲਾਣ ਪੇਸ਼



ਨਵੀਂ ਦਿੱਲੀ, 17 ਜੂਨ, (ਪੋਸਟ ਬਿਊਰੋ)- ਇਸ ਸਾਲ ਗਣਤੰਤਰ ਦਿਵਸਮੌਕੇ 26 ਜਨਵਰੀ ਦੇ ਦਿਨ ਹੋਈ ਹਿੰਸਾ ਵਾਲੇ ਕੇਸ ਵਿੱਚਦਿੱਲੀ ਪੁਲਸ ਨੇ ਅਭਿਨੇਤਾ ਦੀਪ ਸਿੱਧੂ ਅਤੇ ਹੋਰਨਾਂ ਵਿਰੁੱਧ ਅੱਜ ਵੀਰਵਾਰ ਇੱਕ ਸਪਲੀਮੈਂਟਰੀਚਾਰਜਸ਼ੀਟਪੇਸ਼ ਕੀਤੀ ਹੈ। ਚੀਫ ਮੈਟਰੋਪੋਲਿਟਨ ਮੈਜਿਸਟਰੇਟ ਗਜੇਂਦਰ ਸਿੰਘ ਨਾਗਰ ਨਵੀਂਚਾਰਜਸ਼ੀਟ ਉੱਤੇ ਨੋਟਿਸ ਲੈਣ ਵਾਸਤੇ 19 ਜੂਨ ਨੂੰ ਬਾਅਦ ਦੁਪਹਿਰ 2 ਵਜੇ ਆਦੇਸ਼ ਜਾਰੀ ਕਰਨਗੇ।

ਇਸ ਸੰਬੰਧ ਵਿੱਚ ਅਦਾਲਤ ਨੇ ਕਿਹਾ, ‘ਕੇਸ ਦੇ ਜਾਂਚ ਅਧਿਕਾਰੀ ਨੇ ਉਨ੍ਹਾਂ ਮੌਕੇ ਦੇ ਗਵਾਹਾਂ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ, ਜਿਹੜੇ ਹਿੰਸਾਵਿੱਚ ਗੰਭੀਰ ਜ਼ਖਮੀ ਹੋਏ ਜਾਂ ਜਿਨ੍ਹਾਂ ਤੋਂ ਹਥਿਆਰ ਖੋਹੇ ਗਏ ਸਨ। ਵਰਨਣ ਯੋਗ ਹੈ ਕਿ ਇਸ ਸਾਲ 26 ਜਨਵਰੀ ਨੂੰ ਕੇਂਦਰ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇਵਿਰੁੱਧ ਪ੍ਰਦਰਸ਼ਨਕਾਰੀ ਕਿਸਾਨਾਂਦੀ ਟਰੈਕਟਰ ਪਰੇਡਦੌਰਾਨ ਕਿਸਾਨਾਂ ਅਤੇ ਪੁਲਸ ਵਿਚਾਲੇ ਝੜਪ ਹੋ ਗਈ ਅਤੇ ਕਿਸਾਨ ਲਾਲ ਕਿਲ੍ਹੇਵਿੱਚ ਦਾਖ਼ਲ ਹੋ ਗਏ ਸਨ ਅਤੇ ਉਨ੍ਹਾਂ ਨੇ ਕਈ ਪੁਲਸ ਵਾਲਿਆਂ ਨੂੰ ਜ਼ਖਮੀ ਕਰ ਦਿੱਤਾ ਸੀ।ਇਸ ਕੇਸ ਦੀ ਜਾਂਚ ਅਪਰਾਧ ਸ਼ਾਖਾ ਕਰ ਰਹੀ ਹੈਤੇ ਉਸ ਨੇ 17 ਮਈ ਨੂੰ 3,224 ਸਫੇ ਦੀਚਾਰਜਸ਼ੀਟ ਦਾਇਰ ਕੀਤੀ ਸੀ, ਜਿਸ ਵਿੱਚ ਦੀਪਸਿੱਧੂ ਸਣੇ 16 ਦੋਸ਼ੀਆਂ ਵਿਰੁੱਧਕੇਸ ਚਲਾਉਣ ਦੀ ਅਪੀਲ ਕੀਤੀ ਸੀ। ਹਿੰਸਾ ਦੇਮੁੱਖ ਸਾਜਿਸ਼ਕਰਤਾ ਦੀਪਸਿੱਧੂ ਨੂੰ 9 ਫਰਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀਤੇ ਪੁਲਸ ਨੇ ਉਸ ਉੱਤੇ ਲਾਲ ਕਿਲ੍ਹੇਵਿੱਚਹਿੰਸਾ ਭੜਕਾਉਣ ਦਾ ਦੋਸ਼ ਲਾਇਆ ਸੀ।


## ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512

905-707-1513

Molly@jfgroup.ca

Toronto Head Office: 15 wertheim court # 501 Richmond Hill, ON L4B 3H7

Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212

2053 williams Pkwy unit #45, Brampton, ON L6S 5T4 Email: grandupholsery@gmail.com



# ਸੰਪਾਦਕੀ

## ਐਮ ਪੀ ਮੁਮੀਲਾਕ ਕੱਕ਼ਾਕ ਦੀ ਤਕਰੀਰ

# ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ

'ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥
ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰਿ ਆਇਆ॥
ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ॥
ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨਾ ਆਵੈ ਫੇਰੀਆ॥

ਨੁਨਾਵਤ ਤੋਂ ਮੂਲਵਾਸੀ ਭਾਈਚਾਰੇ ਨਾਲ ਸਬੰਧਿਤ ਨਿਊ ਡੈਮੋਕਰੈਟਿਕ ਪਾਰਟੀ ਦੀ ਮੈਂਬਰ ਪਾਰਲੀਮੈਂਟ ਮੁਮੀਲਾਕ ਕੱਕ਼ਾਕ ਨੇ ਪਾਰਲੀਮੈਂਟ ਵਿੱਚ ਜੋ ਆਖਰੀ ਤਕਰੀਰ ਦਿੱਤੀ, ਉਸਨੂੰ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਪਾਵਨ ਸ਼ਬਦ ਸਹਿਜ ਹੀ ਜ਼ਿਹਨ ਨੂੰ ਇੱਕ ਦੁਖਾਂਤਕ ਯਾਤਰਾ ਵੱਲ ਲੈ ਤੁਰਦੇ ਹਨ। ਅਗਲੀਆਂ ਫੈਡਰਲ ਚੋਣਾਂ ਦੁਬਾਰਾ ਨਾ ਲੜਨ ਕਰਨ ਵਾਲੀ ਇਹ 27 ਕੁ ਸਾਲ ਕੁੜੀ ਨੇ ਆਪਣੇ ਫੈਸਲੇ ਬਾਬਤ ਜੋ ਕਾਰਣ ਜ਼ਾਹਰ ਕੀਤੇ, ਉਹ ਸਮੂਹ ਕੈਨੇਡੀਅਨਾਂ ਨੂੰ ਸਵੈਮੰਥਨ ਕਰਨ ਲਈ ਮਜ਼ਬੂਰ ਕਰਨ ਵਾਲੇ ਹਨ। ਬੇਸ਼ੱਕ ਉਸਦੀ ਬੇਬਾਕ ਤਕਰੀਰ ਤੋਂ ਬਾਅਦ ਵੀ ਜੀਵਨ ਆਪਣੀ ਰਫ਼ਤਾਰ ਤੁਰਦਾ ਰਹੇਗਾ ਪਰ 'ਨ੍ਰਿਤ ਨਾਲ ਭਰੀ ਬਾਲੜੀ' ਦੇ ਬੋਲ ਸੰਵੇਦਨਸ਼ੀਲ ਕੈਨੇਡੀਅਨਾਂ ਨੂੰ ਲੰਬੇ ਸਮੇਂ ਤੱਕ ਟੁੰਬਦੇ ਰਹਿਣਗੇ। ਮੁਮੀਲਾਕ ਦਾ ਮੂਲਵਾਸੀ ਭਾਸ਼ਾ ਇਨੁਕਟੀਟੁਟ (ਨੁਕਟਟਿਟ) ਵਿੱਚ ਅਰਥ 'ਨ੍ਰਿਤ ਨਾਲ ਭਰੀ ਇਸ ਬਾਲੜੀ' ਹੁੰਦਾ ਹੈ ਜੋ ਉਸਦੇ ਪਿਤਾ ਨੇ ਧਰਿਆ ਸੀ।

ਤਕਰੀਰ ਵਿੱਚ ਮੁਮੀਲਾਕ ਨੇ ਕਿਹਾ ਕਿ ਉਹ ਨਾ ਕੈਨੇਡਾ ਅਤੇ ਨਾ ਹੀ ਇਸਦੀ ਸਰਬੋਤਮ ਸੰਸਥਾ ਪਾਰਲੀਮੈਂਟ ਨਾਲ ਕਿਸੇ ਕਿਸਮ ਦਾ ਜੁੜਾਵ ਮਹਿਸੂਸ ਕਰਦੀ ਹੈ ਅਤੇ ਨਾ ਹੀ ਉਸਨੂੰ ਆਸ ਹੈ ਕਿ ਸਿਆਸੀ ਪਾਰਟੀਆਂ ਦੇ ਥੋਥੇ ਵਾਅਦੇ ਮੂਲਵਾਸੀਆਂ ਨੂੰ ਕੋਈ ਧਰਵਾਸ ਦੇ ਸਕਦੇ ਹਨ। ਉਸ ਮੁਤਾਬਕ ਫੈਡਰਲ ਸਰਕਾਰ ਦੇ ਇਰਾਦੇ ਮੂਲਵਾਸੀਆਂ ਨੂੰ ਹੱਕ ਦੇਣ ਵਾਲੇ ਨਹੀਂ ਸਗੋਂ ਉਹਨਾਂ ਦੇ ਹਾਲਾਤਾਂ ਨੂੰ ਬਦ ਤੋਂ ਬਦਤਰ ਬਣਾਉਣ ਵਾਲੇ ਹਨ। ਆਪਣੇ ਇਨੂਕ ਭਾਈਚਾਰੇ ਵਿੱਚ ਪੱਸਰੀ ਗਰੀਬੀ, ਬੱਚੀਆਂ ਦੇ ਅਪਹਰਣਾਂ, ਯੂਥ ਦੇ ਨਸ਼ਿਆਂ ਵਿੱਚ ਧੱਸਣ ਦੇ ਦੁਖਾਂਤ ਨੂੰ ਨੇੜੇ ਤੋਂ ਵੇਖਣ ਅਤੇ ਹੰਢਾਉਣ ਵਾਲੀ ਇਹ ਨੌਜਵਾਨ ਐਮ ਪੀ ਮਾਨਸਿਕ ਪਰੇਸ਼ਾਨੀ ਹੰਢਾ ਰਹੀ ਹੈ। 25 ਸਾਲ ਦੀ ਉਮਰ ਵਿੱਚ 2019 ਵਿੱਚ ਉਹ ਪਹਿਲੀ ਵਾਰ ਐਮ ਪੀ ਚੁਣੀ ਗਈ ਸੀ। ਮੁਮਲੀਕ ਮੁਤਾਬਕ ਮੂਲਵਾਸੀਆਂ ਲਈ ਕੈਨੇਡਾ ਵਿੱਚ ਹਾਲਾਤ ਬਿਹਤਰ ਹੋਣ ਦੀ ਉਸ ਵੇਲੇ ਤੱਕ ਕੋਈ ਸੰਭਾਵਨਾ ਨਹੀਂ ਜਦੋਂ ਤੱਕ ਸਿਆਸੀ ਤਾਕਤਾਂ ਖੁਦ ਨੂੰ ਮੂਲਵਾਸੀਆਂ ਦੀ ਥਾਂ ਰੱਖ ਕੇ ਫੈਸਲੇ ਕਰਨ ਦੀ ਹਿੰਮਤ ਨਹੀਂ ਕਰਨਗੀਆਂ। ਉਸਨੇ ਕਿਹਾ ਕਿ ਸਮੇਂ ਸਮੇਂ ਆਈਆਂ ਸਰਕਾਰਾਂ ਕੋਲੋਂ ਚਿਕਨੀਆਂ ਚੋਪੜੀਆਂ ਗੱਲਾਂ ਸਾਡੇ ਸੀਨਿਆਂ ਵਿੱਚ ਫੱਟ ਲਾਉਂਦੀਆਂ ਹਨ ਜਿਹਨਾਂ ਦੇ ਹੁਣ ਨਾਸੂਰ ਬਣ ਚੁੱਕੇ ਹਨ। ਮੁਮੀਲਾਕ ਦੇ ਬੋਲਾਂ ਵਿੱਚ ਐਸੇ ਦਰਦ ਦੀ ਝਲਕ ਸੀ ਜਿਵੇਂ ਉਸ ਵਿੱਚ 'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ' ਲਿਖਣ ਵਾਲੀ ਅ੍ਰਮਿਤਾ ਪ੍ਰੀਤਮ ਦੀ ਰੂਹ ਦਾਖ਼ਲ ਕਰ ਗਈ ਹੋਵੇ।

ਇੰਮੀਗਰਾਂਟ ਭਾਈਚਾਰੇ ਨਾਲ ਸਬੰਧਿਤ ਸਾਨੂੰ ਲੋਕਾਂ ਨੂੰ ਇਸ ਨੌਜਵਾਨ ਲੜਕੀ ਦੀ ਦਸ ਮਿੰਟਾਂ ਦੀ ਤਕਰੀਰ ਜਰੂਰ ਸੁਣਨੀ ਚਾਹੀਦੀ ਹੈ ਤਾਂ ਜੋ ਕੈਨੇਡਾ ਦੇ ਕੌੜੇ ਮਿੱਠੇ ਹਾਲਾਤਾਂ ਦੇ ਦਰਸ਼ਨ ਹੋਣ। ਸਾਨੂੰ ਉਹਨਾਂ ਹਾਲਾਤਾਂ ਦਾ ਥੋੜਾ ਬਹੁਤਾ ਅਹਿਸਾਸ ਹੋਵੇ ਜਿਹੜੇ ਮੂਲਵਾਸੀਆਂ ਨੇ ਬਿਗਾਨਿਆਂ ਹੱਥੋਂ ਬੀਤੇ ਵਿੱਚ ਸਹਿਣ ਕੀਤੇ, ਅੱਜ ਕਰ ਰਹੇ ਹਨ ਅਤੇ ਜੇ ਕੁੱਝ ਸਾਰਥਕ ਨਾ ਕੀਤਾ ਗਿਆ ਤਾਂ ਮੁਮਲੀਕ ਕੱਕਾਕ ਦੇ ਵਾਰਸ ਭੱਵਿਖ ਵਿੱਚ ਵੀ ਦਰਦਾਂ ਨਾਲ ਜੁਝਦੇ ਰਹਿਣਗੇ। ਜਿਸ ਜੋਸ਼ ਅਤੇ ਹੋਸ਼ ਨਾਲ ਚੱਲ ਰਹੇ ਕਿਸਾਨੀ ਅਤੇ ਹੋਰ ਸੰਘਰਸ਼ਾਂ ਬਾਰੇ ਅਸੀਂ ਪਰਵਾਸੀ ਭਾਵੁਕ ਹੋ ਕੇ ਉੱਦਮ ਕਰਦੇ ਹਾਂ, ਉਸ ਹੋਸ਼ ਅਤੇ ਜੋਸ਼ ਦਾ ਇੱਕ ਟੁੱਕੜਾ ਕੈਨੇਡੀਅਨ ਹਮਸਾਇਆਂ ਲਈ ਬਰਕਰਾਰ ਰੱਖਣਾ ਧਰਮ ਅਤੇ ਰੱਬ ਦਾ ਕੰਮ ਗਿਣਿਆ ਜਾਣਾ ਚਾਹੀਦਾ ਹੈ।

ਆਪਣਿਆਂ ਦੇ ਹੱਕਾਂ ਲਈ 'ਹਾਅ ਦਾ ਨਾਅਰਾ ਮਾਰਨਾ' ਫਰਜ਼ ਹੁੰਦਾ ਹੈ ਪਰ ਸਰਬੱਤ ਦੇ ਭਲੇ ਲਈ ਜੂਝਣਾ ਧਰਮ ਹੈ। ਸਾਡੇ ਹਮਸਾਏ ਮੂਲਵਾਸੀ ਸਰੱਬਤ ਦੇ ਭਲੇ ਦੇ ਸਿਧਾਂਤ ਦੀ ਖਾਤਰਦਾਰੀ ਦੇ ਘੱਟ ਹੱਕਦਾਰ ਨਹੀਂ ਹੋਣੇ ਚਾਹੀਦੇ। ਮੂਲਵਾਸੀਆਂ ਵਿੱਚ ਬਿਗਾਨੇਪਣ ਦੇ ਨੁਕਤੇ ਨਜ਼ਰ ਤੋਂ ਨਵਦੀਪ ਸਿੰਘ ਬੈਂਸ ਦੁਆਰਾ ਐਮ ਪੀ ਵਜੋਂ ਪਾਰਲੀਮੈਂਟ ਵਿੱਚ ਦਿੱਤੀ ਆਖਰੀ ਤਕਰੀਰ ਦਾ ਜ਼ਿਕਰ ਕਰਨਾ ਬਣਦਾ ਹੈ। ਸ੍ਰੀ ਬੈਂਸ ਅਨੁਸਾਰ 2004 ਵਿੱਚ ਉਸਦੀ ਪਹਿਲੀ ਚੋਣ ਦੌਰਾਨ ਕਿਸੇ ਸੀਨੀਅਰ ਲਿਬਰਲ ਆਗੂ ਨੇ ਸਲਾਹ ਦਿੱਤੀ ਸੀ ਕਿ ਫਲਾਇਰਾਂ ਜਾਂ ਪੋਸਟਰਾਂ ਉੱਤੇ ਆਪਣੀ ਤਸਵੀਰ ਨਾ ਛਾਪੇ ਕਿਉਂਕਿ ਦਸਤਾਰ ਕਾਰਣ ਕਈਆਂ ਨੂੰ ਗਲਤ ਪ੍ਰਭਾਵ ਪੈ ਸਕਦਾ ਹੈ। ਬੈਂਸ ਮੁਤਾਬਕ ਉਹਨਾਂ ਨੇ ਆਪਣੀ ਸ਼ਨਾਖਤ ਨਾਲ ਕੋਈ ਸਮਝੌਤਾ ਕਰਨ ਤੋਂ ਇਨਕਾਰ ਕੀਤਾ ਜਿਸ ਤੱਥ ਉੱਤੇ ਉਸਨੂੰ ਅੱਜ ਤੱਕ ਮਾਣ ਹੈ। ਖੈਰ ਇਸ ਤੱਥ ਉੱਤੇ ਨਵਦੀਪ ਬੈਂਸ ਨੂੰ ਹੀ ਨਹੀਂ ਸਗੋਂ ਸਮੁੱਚੇ ਕੈਨੇਡੀਅਨ ਸਿੱਖ ਭਾਈਚਾਰੇ ਨੂੰ ਮਾਣ ਹੈ। ਸੋਚਣਾ ਬਣਦਾ ਹੈ ਕਿ ਜੇ ਇੱਕ ਪਰਵਾਸੀ ਪਰਿਵਾਰ ਵਿੱਚ ਜੰਮੇ ਨੌਜਵਾਨ ਨੂੰ ਆਪਣੀ ਸ਼ਨਾਖਤ ਉੱਤੇ ਐਨਾ ਮਾਣ ਹੈ ਤਾਂ ਇਸ ਧਰਤੀ ਦੇ ਜੱਦੀ ਧੀਆਂ ਪੁੱਤਰਾਂ ਦਾ ਬਿਗਾਨਾਪਣ ਸਾਨੂੰ ਸਹਿਣ ਕਿਵੇਂ ਹੋ ਸਕਦਾ ਹੈ।

ਮੁਮੀਲਾਕ ਦੇ ਦਰਦ ਅਤੇ ਕੁਰਬਾਨੀ ਨੂੰ ਇੱਕ ਹੋਰ ਪਰੀਪੇਖ ਤੋਂ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਕਿੰਨੇ ਕੁ ਪਰਵਾਸੀ ਸਿਆਸਤਦਾਨ ਹੋਣਗੇ ਜੋ ਸਵੈ ਇੱਛਾ ਨਾਲ ਆਪਣੀਆਂ ਸੀਟਾਂ ਇਸ ਲਈ ਤਿਆਗ ਦੇਣਗੇ ਕਿਉਂਕਿ ਉਹਨਾਂ ਦੇ ਭਾਈਚਾਰੇ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਲੱਭਿਆ ਜਾ ਰਿਹਾ? ਜੇ ਸਵੈ-ਤਿਆਗ ਬਿਰਤੀ ਦਾ ਇੱਕ ਅੰਸ਼ ਵੀ 25 ਸਾਲਾ ਮੁਮੀਲਾਕ ਕੱਕਾਕ ਤੋਂ ਸਿੱਖ ਲਈਏ ਤਾਂ ਅਸੀਂ ਕਿਸੇ ਉੱਤੇ ਕੋਈ ਅਹਿਸਾਨ ਨਹੀਂ ਕਰ ਰਹੇ ਹੋਵਾਂਗੇ ਸਗੋਂ ਖੁਦ ਦੀ ਬਿਹਤਰੀ ਦੇ ਨਾਲ ਨਾਲ ਕੈਨੇਡਾ ਦੇ ਚੰਗੇ ਭੱਵਿਖ ਵਿੱਚ ਯੋਗਦਾਨ ਪਾ ਰਹੇ ਹੋਵਾਂਗੇ।

## ਐਨ ਏ ਸੀ ਆਈ ਵੱਲੋਂ ਐਸਟ੍ਰਾਜ਼ੈਨੇਕਾ ਦੇ ਪਹਿਲੇ ਸ਼ੌਟ ਤੋਂ ਬਾਅਦ ਐਮ ਆਰ ਐਨ ਏ ਵੈਕਸੀਨ ਦੇ ਦੂਜੇ ਸ਼ੌਟ ਦੀ ਦਿੱਤੀ ਜਾ ਰਹੀ ਹੈ ਸਲਾਹ

...ਪੰਨਾ 1 ਦਾ ਬਾਕੀ

ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਵੀਰਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਕਈ ਤਰ੍ਹਾਂ ਦੀਆਂ ਸਟੱਡੀਜ਼ ਸਾਡੇ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਜਰਮਨੀ ਤੋਂ ਹਨ, ਜਿਨ੍ਹਾਂ ਤੋਂ ਇਹ ਪਤਾ ਲੱਗ ਰਿਹਾ ਹੈ ਕਿ ਮਿਕਸ ਡੋਜ਼ ਦੇਣ ਦਾ ਇਹ ਰੁਝਾਨ ਸੇਫ ਹੈ। ਵੈਕਸੀਨਜ਼ ਦੀ ਸਪਲਾਈ ਵਧਣ ਕਾਰਨ ਅਸੀਂ ਇਸ ਰੁਝਾਨ ਨੂੰ ਅਸਲ ਜ਼ਿੰਦਗੀ ਵਿੱਚ ਅਪਣਾ ਕੇ ਉਸ ਉੱਤੇ ਨਜ਼ਰ ਰੱਖਾਂਗੇ।

ਐਡਵਾਈਜ਼ਰੀ ਪੈਨਲ ਵੱਲੋਂ ਐਸਟ੍ਰਾਜ਼ੈਨੇਕਾ ਦੀਆਂ ਦੋ ਡੋਜ਼ਾਂ ਲੈਣ ਵਾਲੇ ਲੋਕਾਂ ਨੂੰ ਵੀ ਪੂਰਾ ਭਰੋਸਾ ਦਿਵਾਇਆ ਜਾ ਰਿਹਾ ਹੈ ਕਿ ਉਹ ਵੀ ਨਿਸ਼ਚਿੰਤ ਰਹਿਣ ਕਿਉਂਕਿ ਇਹ ਵੈਕਸੀਨ ਵੀ ਇਨਫੈਕਸ਼ਨ ਦੇ ਖਿਲਾਫ ਪੂਰੀ ਵਧੀਆ ਪ੍ਰੋਟੈਕਸ਼ਨ ਮੁਹੱਈਆ ਕਰਵਾਉਂਦੀ ਹੈ।

## ਕੋਵਿਡ-19 ਵੈਕਸੀਨ ਦੀਆਂ ਦੂਜੀਆਂ ਡੋਜ਼ਾਂ ਲਈ ਯੋਗਤਾ ਵਿੱਚ ਪਸਾਰ ਕਰ ਰਿਹਾ ਹੈ ਓਨਟਾਰੀਓ

...ਪੰਨਾ 1 ਦਾ ਬਾਕੀ

ਪ੍ਰੋਵਿੰਸ ਵੱਲੋਂ ਹਾਲਟਨ, ਪੀਲ, ਪੌਰਕਿਊਪਾਈਨ, ਟੋਰਾਂਟੋ, ਵਾਟਰਲੂ, ਵੈਲਿੰਗਟਨ-ਡਫਰਿਨ-ਗੁਐਲਫ ਤੇ ਯੌਰਕ ਰੀਜਨ ਨੂੰ ਪਹਿਲਾਂ ਹੀ ਡੈਲਟਾ ਵੇਰੀਐਂਟ ਲਈ ਹੌਟ ਸਪੌਟ ਐਲਾਨਿਆ ਜਾ ਚੁੱਕਿਆ ਹੈ। ਇਨ੍ਹਾਂ ਸੱਤ ਰੀਜਨਜ਼ ਦੇ ਲੋਕ ਜਿਨ੍ਹਾਂ ਨੇ 30 ਮਈ ਨੂੰ ਜਾਂ ਇਸ ਤੋਂ ਪਹਿਲਾਂ ਫਰਸਟ ਡੋਜ਼ ਲਵਾਈ ਹੈ ਉਹ ਵੀ ਦੂਜੀ ਡੋਜ਼ ਲੈ ਸਕਣਗੇ। ਸੋਮਵਾਰ ਤੋਂ ਸ਼ੁਰੂ ਕਰਕੇ ਓਨਟਾਰੀਓ ਦੇ ਸਾਰੇ ਬਾਲਗ ਜਿਨ੍ਹਾਂ ਨੇ ਫਾਈਜ਼ਰ ਜਾਂ ਮੌਡਰਨਾ ਦੀ ਪਹਿਲੀ ਡੋਜ਼ 10 ਮਈ ਜਾਂ ਇਸ ਤੋਂ ਪਹਿਲਾਂ ਲਈ ਸੀ ਉਹ ਦੂਜੀ ਡੋਜ਼ ਲਈ ਬੁਕਿੰਗ ਕਰਵਾ ਸਕਦੇ ਹਨ।

ਪ੍ਰੋਵਿੰਸ ਨੇ ਆਖਿਆ ਕਿ ਓਨਟਾਰੀਓ ਵਿੱਚ 10 ਮਈ ਨੂੰ ਜਾਂ ਇਸ ਤੋਂ ਬਾਅਦ ਸ਼ੌਟ ਲਵਾਇਆ ਹੈ ਉਹ 28 ਜੂਨ ਤੋਂ ਦੂਜੀ ਡੋਜ਼ ਬੁੱਕ ਕਰਵਾਉਣ ਲਈ ਯੋਗ ਹੋਣਗੇ। ਇਨ੍ਹਾਂ ਵਿੱਚ 12 ਤੋਂ 17 ਸਾਲ ਦਰਮਿਆਨ ਦੇ ਬੱਚਿਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

## ਐਂਟੀਲੀਆ ਕੇਸ: ਮੁੰਬਈ ਦਾ ਸਾਬਕਾ ਐਨਕਾਊਂਟਰ ਸਪੈਸ਼ਲਿਸਟ ਪ੍ਰਦੀਪ ਸ਼ਰਮਾ ਐੱਨ ਆਈ ਏ ਵੱਲੋਂ ਗ੍ਰਿਫਤਾਰ

ਮੁੰਬਈ, 17 ਜੂਨ, (ਪੋਸਟ ਬਿਊਰੋ)- ਅੰਬਾਨੀ ਪਰਵਾਰ ਦੀ ਰਿਹਾਇਸ਼ ਐਂਟੀਲੀਆ ਦੇ ਬਾਹਰ ਮਿਲੀ ਗੱਡੀ ਦੇ ਕੇਸ ਦੀ ਜਾਂਚ ਕਰ ਰਹੀ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੇ ਅੱਜ ਸਾਬਕਾ ਐਨਕਾਊਂਟਰ ਸਪੈਸ਼ਲਿਸਟ ਪ੍ਰਦੀਪ ਸ਼ਰਮਾ ਨੂੰ ਗ੍ਰਿਫਤਾਰ ਕਰ ਲਿਆ ਹੈ।ਐੱਨ ਆਈ ਏ ਨੇ ਵੀਰਵਾਰ ਸਵੇਰੇ ਸ਼ਰਮਾ ਦੇ ਘਰ ਛਾਪਾ ਮਾਰਿਆ ਤੇ ਪੁੱਛਗਿੱਛ ਕਰਨ ਦੇ ਬਾਅਦ ਉਸਨੂੰ ਗ੍ਰਿਫਤਾਰ ਕਰ ਲਿਆ ਸੀ। ਉੱਘੇ ਉਦਯੋਗਪਤੀ ਮੁਕੇਸ਼ ਅੰਬਾਨੀ ਦੇ ਘਰ ਨੇੜੇ ਖੜੋਤੇ ਇਕ ਵਾਹਨ ਵਿਚ ਵਿਸਫੋਟਕ ਪਦਾਰਥ ਲੱਭਣ ਦੇ ਕੇਸ ਵਿਚ ਕਾਰੋਬਾਰੀ ਮਨਸੁਖ ਹੀਰੇਨ ਦੀ ਮੌਤ ਦੀ ਜਾਂਚ ਕਰ ਰਹੀਐੱਨ ਆਈ ਏਅੱਜ ਵੀਰਵਾਰ ਸਵੇਰੇ ਮੁੰਬਈ ਦੇ ਉਪਨਗਰ ਅੰਧੇਰੀ ਵਿਚ ਸਾਬਕਾ ਐਨਕਾਊਂਟਰ ਸਪੈਸ਼ਲਿਸਟ ਪ੍ਰਦੀਪ ਸ਼ਰਮਾ ਦੇ ਘਰ ਛਾਪਾ ਮਾਰਨ ਗਈ ਅਤੇ ਪੁੱਛਗਿੱਛ ਦੇ ਬਾਅਦ ਉਸ ਨੂੰ ਗ੍ਰਿਫਤਾਰ ਕਰ ਕੇ ਲੈ ਗਈ।

ਇਸ ਸੰਬੰਧ ਵਿੱਚ ਐੱਨ ਆਈ ਏ ਅਧਿਕਾਰੀਆਂ ਨੇ ਦੱਸਿਆ ਕਿ ਪ੍ਰਦੀਪ ਸ਼ਰਮਾ ਤੋਂ ਇਸ ਤੋਂ ਪਹਿਲਾਂ ਪੁੱਛਗਿੱਛ ਕੀਤੀ ਗਈ ਸੀ, ਪਰ ਅੱਜਐੱਨ ਆਈ ਏ ਟੀਮ ਨੇ ਸੀਆਰਪੀਐਫ ਦੇ ਜਵਾਨਾਂ ਨਾਲ ਸਵੇਰੇ 6 ਵਜੇ ਅੰਧੇਰੀ ਪੱਛਮ ਦੇ ਜੇਬੀ ਨਗਰ ਵਿੱਚ ਪ੍ਰਦੀਪ ਸ਼ਰਮਾ ਦੇ ਘਰ ਛਾਪਾ ਮਾਰਿਆ ਸੀ। ਜਾਣਕਾਰ ਸੂਤਰਾਂ ਅਨੁਸਾਰ ਐੱਨ ਆਈ ਏ ਦੀ ਟੀਮ ਨੇ ਇਸ ਕੇਸ ਦੇ ਸਬੰਧ ਵਿੱਚ ਸ਼ਰਮਾ ਤੋਂ ਲੰਮੀ ਪੁੱਛਗਿੱਛ ਕੀਤੀ ਤੇ ਉਸ ਪਿੱਛੋਂ ਉਸਦੀ ਗ੍ਰਿਫ਼ਤਾਰੀ ਹੋਈ। ਜਿਸ ਇਮਾਰਤ ਵਿੱਚਪ੍ਰਦੀਪ ਸ਼ਰਮਾ ਰਹਿੰਦਾ ਸੀ, ਉਸ ਵੱਲ ਜਾਣ ਵਾਲੀਆਂ ਸੜਕਾਂ ਨੂੰ ਕੇਂਦਰੀ ਸੁਰੱਖਿਆ ਬਲਾਂ ਨੇ ਘੇਰਿਆ ਹੋਇਆ ਸੀ ਤੇ ਇਸ ਖੇਤਰ ਦੇ ਲੋਕਾਂ ਦੀ ਆਵਾਜਾਈ ਉੱਤੇ ਰੋਕ ਲਾ ਦਿੱਤੀ ਗਈ ਸੀ। ਛਾਪੇਮਾਰੀ ਦੀ ਜਾਣਕਾਰੀ ਮਿਲਣ ਤੋਂ ਬਾਅਦ ਮੁੰਬਈ ਪੁਲਿਸ ਨੇ ਵੀ ਆਪਣੇ ਜਵਾਨਾਂ ਨੂੰ ਮੌਕੇ ਉੱਤੇ ਤਾਇਨਾਤ ਕਰ ਦਿੱਤਾਸੀ।

ਇਸ ਤੋਂ ਪਹਿਲਾਂ ਐੱਨ ਆਈ ਏ ਨੇ ਜਾਂਚ ਦੇ ਸਬੰਧ ਵਿੱਚ ਸ਼ਰਮਾ ਤੋਂ ਦੱਖਣੀ ਮੁੰਬਈ ਦੇ ਆਪਣੇ ਦਫ਼ਤਰ ਵਿੱਚ ਦੋ ਦਿਨ ਪੁੱਛਗਿੱਛ ਕੀਤੀ ਸੀ। ਜਾਂਚ ਏਜੰਸੀ ਨੇ ਇਸ ਤੋਂ ਪਹਿਲਾਂ ਸਾਬਕਾ ਪੁਲਿਸ ਅਧਿਕਾਰੀ ਸਚਿਨ ਵਾਜੇ, ਰਿਆਜ਼ੁਦੀਨ ਕਾਜ਼ੀ, ਸੁਨੀਲ ਮਾਣੇ, ਸਾਬਕਾ ਕਾਂਸਟੇਬਲ ਵਿਨਾਇਕ ਸ਼ਿੰਦੇ ਤੇ ਕ੍ਰਿਕਟ ਸੱਟੇਬਾਜ਼ ਨਰੇਸ਼ ਗੌਰ ਨੂੰ ਇਸ ਕੇਸ ਵਿੱਚ ਸ਼ਾਮਲ ਹੋਣ ਲਈ ਗ੍ਰਿਫ਼ਤਾਰ ਕੀਤਾ ਤੇ ਪਿੱਛੇ ਜਿਹੇ ਸੰਤੋਸ਼ ਸ਼ੈਲਰ ਅਤੇ ਆਨੰਦ ਜਾਧਵ ਨੂੰ ਗ੍ਰਿਫਤਾਰ ਕੀਤਾ ਸੀ।ਐੱਨ ਆਈ ਏ ਨੇ ਕਿਹਾ ਕਿ ਦੋਵੇਂ ਜਣੇ ਅੰਬਾਨੀ ਦੇ ਘਰ ਨੇੜੇ ਐਸ ਯੂ ਵੀ ਗੱਡੀ ਨੂੰ ਪਾਰਕ ਕਰਨ ਦੀ ਸਾਜਿਸ਼ ਵਿਚ ਸ਼ਾਮਲ ਸਨ, ਜਿਸ ਵਿਚ ਵਿਸਫੋਟਕ ਸਮੱਗਰੀ ਰੱਖੀ ਗਈ ਸੀ। ਐਸ ਯੂ ਵੀ ਗੱਡੀ ਪਿਛਲੇ 25 ਫਰਵਰੀ ਨੂੰ ਮੁਕੇਸ਼ ਅੰਬਾਨੀ ਦੀ ਰਿਹਾਇਸ਼ ਐਂਟੀਲੀਆ ਕੋਲ ਮਿਲੀ ਸੀ।ਇਸ ਗੱਡੀ ਦਾ ਮਾਲਕ ਠਾਣੇ ਸ਼ਹਿਰ ਦਾ ਕਾਰੋਬਾਰੀ ਮਨਸੁਖ ਹੀਰੇਨ 5 ਮਾਰਚ ਨੂੰ ਮੁੰਬਈ ਕ੍ਰੀਕ ਵਿੱਚ ਮ੍ਰਿਤਕ ਮਿਲਿਆ ਸੀ। ਪਹਿਲਾਂ ਮਹਾਰਾਸ਼ਟਰ ਪੁਲਿਸ ਇਨ੍ਹਾਂ ਦੋਵਾਂ ਕੇਸਾਂ ਦੀ ਜਾਂਚ ਕਰ ਰਹੀ ਸੀ, ਪਰ ਬਾਅਦ ਵਿੱਚ ਇਨ੍ਹਾਂ ਕੇਸਾਂ ਨੂੰ ਐੱਨ ਆਈ ਏ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਧੋਖਾਧੜੀ ਦੇ ਕੇਸ ਦਾ ਭਗੌੜਾ ਗੁਰਬਖਸ਼ ਸਿੰਘ ਖਾਲਸਾ ਲੁਧਿਆਣਾ ਤੋਂ ਗ੍ਰਿਫ਼ਤਾਰ

ਬਠਿੰਡਾ, 17 ਜੂਨ, (ਪੋਸਟ ਬਿਊਰੋ)- ਕਿਸਾਨ ਸੰਘਰਸ਼ ਦੀ ਆੜ ਵਿਚਟਿਕਰੀ ਬਾਰਡਰ ਉੱਤੇ ਢਾਈ ਮਹੀਨੇ ਰਹਿ ਕੇਗੁਰਬਖਸ਼ ਸਿੰਘ ਖ਼ਾਲਸਾ ਐੱਨਆਰਆਈਜ਼ ਦੀਆਂ ਭਾਵਨਾਵਾਂ ਦਾ ਲਾਭ ਲੈਂਦਾ ਰਿਹਾ ਹੈ। ਅੱਜ ਬਠਿੰਡਾ ਪੁਲਿਸ ਨੇ ਉਸ ਨੂੰ ਠੱਗੀ ਦੇਇਕ ਕੇਸ ਵਿਚ ਲੁਧਿਆਣਾ ਦੀ ਕਿਸਾਨ ਹੱਟ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਵਰਣਨ ਯੋਗ ਹੈ ਕਿ ਗੁਰਬਖਸ਼ ਸਿੰਘ ਖਾਲਸਾ ਨੂੰ ਦੋ ਸਾਲ ਪਹਿਲਾਂ ਬਠਿੰਡਾ ਦੀ ਅਦਾਲਤ ਨੇ ਭਗੌੜਾ ਐਲਾਨਿਆ ਸੀ। ਇਸ ਜ਼ਿਲ੍ਹੇ ਦੇ ਪਿੰਡ ਨਾਥਪੁਰਾ ਦੇ ਵਾਸੀ ਗੁਰਬਖਸ਼ ਸਿੰਘ ਖ਼ਾਲਸਾ ਨੇ ਏਅਰ ਫੋਰਸ ਜਵਾਨ ਹਰਵਿੰਦਰਜੀਤ ਸਿੰਘ ਨਾਲ ਤਿੰਨ ਸਾਲ ਪਹਿਲਾਂ 13.80 ਲੱਖ ਰੁਪਏ ਦੀ ਠੱਗੀ ਮਾਰੀ ਅਤੇਫਿਰ ਕਿਸਾਨਾਂ ਦਾ ਹਿਤੈਸ਼ੀ ਬਣ ਕੇ ਕਿਸਾਨ ਅੰਦੋਲਨਵਿੱਚਸਰਗਰਮੀ ਕਰਨ ਦੇ ਬਹਾਨੇ ਟਿਕਰੀ ਬਾਰਡਰ ਉੱਤੇ ਰਿਹਾ ਕਰਦਾ ਸੀ ਅਤੇ ਇਸ ਮੋਰਚੇ ਦੀ ਆੜ ਹੇਠ ਐੱਨਆਰਆਈਜ਼ ਦੇ ਨਾਲ ਸੰਪਰਕ ਬਣਾ ਰਿਹਾ ਸੀ। ਅੱਜ ਇਸ ਬਾਰੇ ਬਠਿੰਡਾ ਦੇ ਐੱਸਐੱਸਪੀ ਭੁਪਿੰਦਰਜੀਤ ਸਿੰਘ ਵਿਰਕ ਨੇ ਦੱਸਿਆ ਕਿ ਪਿੰਡ ਸਿਵੀਆ ਦੇ ਹਰਵਿੰਦਰਜੀਤ ਸਿੰਘ ਨੇ ਸ਼ਿਕਾਇਤ ਦਿੱਤੀ ਸੀ ਕਿ ਗੋਨਿਆਣਾ ਮੰਡੀ ਦੇ ਗੌਰਵ ਯਾਦਵ ਤੇ ਨਾਥਪੁਰਾ ਦੇ ਗੁਰਬਖਸ਼ ਸਿੰਘ ਨੇ ਉਸ ਨਾਲ 13.80 ਲੱਖ ਰੁਪਏ ਦੀ ਠੱਗੀ ਮਾਰੀ ਹੈ। ਇਸ ਬਾਰੇ ਆਰਥਿਕ ਅਪਰਾਧ ਸ਼ਾਖਾ ਤੋਂ ਜਾਂਚ ਕਰਵਾਈ ਤਾਂ ਦੋਸ਼ ਸੱਚ ਨਿਕਲੇ, ਜਿਸ ਪਿੱਛੋਂ ਡੀ ਏ ਲੀਗਲ ਦੀ ਰਾਏ ਲਈ ਤਾਂ ਉਨ੍ਹਾਂ ਨੇ ਵੀ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਐੱਸਐੱਸਪੀ ਬਠਿੰਡਾ ਵੱਲੋਂ ਦਰਖਾਸਤ ਪ੍ਰਵਾਨ ਕਰਨਪਿੱਛੋਂ ਦੋਵਾਂ ਦੋਸ਼ੀਆਂ ਉੱਤੇ ਕੇਸ ਦਰਜ ਹੋਇਆ ਸੀ, ਪਰ ਉਹ ਫਰਾਰ ਸਨ। ਇਸ ਕਾਰਨ 2 ਅਗਸਤ 2019 ਨੂੰ ਬਠਿੰਡਾ ਅਦਾਲਤ ਨੇ ਗੁਰਬਖ਼ਸ਼ ਸਿੰਘ ਨੂੰ ਪੀਓ ਕਰਾਰ ਦੇਦਿੱਤਾ ਸੀ। ਉਕਤ ਕੇਸ ਦਾ ਚਲਾਨ ਪੁਲਿਸ ਨੇ 19 ਅਕਤੂਬਰ 2020 ਨੂੰ ਅਦਾਲਤਵਿੱਚ ਪੇਸ਼ ਕਰ ਦਿੱਤਾ ਸੀ ਤੇਕੇਸਦੀ ਅਗਲੀ ਸੁਣਵਾਈ 7 ਜੁਲਾਈ ਨੂੰ ਹੋਣੀ ਹੈ। ਉਧਰ ਕਿਸਾਨ ਹੱਟ ਚਲਾ ਰਹੇ ਜਗਦੇਵ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਗੁਰਬਖਸ਼ ਸਿੰਘ ਖਾਲਸਾ ਦਾ ਕਿਸਾਨ ਹੱਟ ਨਾਲ ਕੋਈ ਸਬੰਧ ਨਹੀਂ ਹੈ।

## ਡਿਪਟੀ ਪੀਐੱਮ ਕ੍ਰਿਸਟੀਆ ਫ੍ਰੀਲੈਂਡ ਅਤੇ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਬਰੈਂਪਟਨ ਸਾਊਥ ਦੇ ਪਰਿਵਾਰ ਨਾਲ ਚਾਈਲਡ ਕੇਅਰ ਸਬੰਧੀ ਕੀਤੀ ਵਰਚੁਅਲ ਮੁਲਾਕਾਤ





ਬਰੈਂਪਟਨ - ਪਿਛਲੇ ਸ਼ੁੱਕਰਵਾਰ, ਕੈਨੇਡਾ ਫੈਡਰਲ ਸਰਕਾਰ ਦੀ ਚਾਈਲਡ ਕੇਅਰ ਦੀ ਯੋਜਨਾ ਬਾਰੇ ਵਿਚਾਰ ਵਟਾਂਦਰੇ ਲਈ, ਸੰਸਦ ਮੈਂਬਰ ਸੋਨੀਆ ਸਿੱਧੂ ਵੱਲੋਂ ਬਰੈਂਪਟਨ-ਸਾਊਥ ਦੇ ਸ਼ੇਰ ਸਿੰਘ ਦੇ ਪਰਿਵਾਰ ਨਾਲ ਉਪ
ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨਾਲ ਵਰਚੁਅਲ ਮੁਲਾਕਾਤ ਕਰਵਾਈ ਗਈ।
ਪਰਿਵਾਰ 'ਚੋਂ ਸ਼ੇਰ ਸਿੰਘ, ਉਹਨਾਂ ਦੀ ਪਤਨੀ ਨੈਨਸੀ, ਅਤੇ ਉਨ੍ਹਾਂ ਦੇ 2 ਸਾਲ ਦੇ ਬੇਟੇ ਕੰਵਲ ਨੈਨ ਸਿੰਘ ਸ਼ਾਮਲ ਸੰਨ, ਜਿੰਨ੍ਹਾਂ ਨੇ ਮਹਾਂਮਾਰੀ ਦੌਰਾਨ ਇੱਕ ਮਿਹਨਤਕਸ਼ ਅਤੇ ਮੱਧਵਰਗੀ ਪਰਿਵਾਰ ਵਜੋਂ ਡਿਪਟੀ ਪੀਐੱਮ ਫ੍ਰੀਲੈਂਡ ਨੂੰ ਆਪਣੇ ਤਜਰਬਿਆਂ ਅਤੇ ਪੇਸ਼ ਆਈਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਵਿਚਾਰ ਵਟਾਂਦਰੇ ਦੌਰਾਨ, ਬੱਚੇ ਦੀ ਦਾਦੀ ਜੋ ਕਿ ਪੇਸ਼ੇ ਵਜੋਂ ਅਧਿਆਪਕ ਹਨ, ਜਗਦੀਪ ਕੌਰ ਨੇ ਵੀ ਵੱਖੋ-ਵੱਖਰੀਆਂ ਗੱਲਾਂ ਅਤੇ ਮੁਸ਼ਕਲਾਂ ਦਾ ਜ਼ਿਕਰ ਕੀਤਾ, ਜਿੰਨ੍ਹਾਂ ਦਾ ਉਹਨਾਂ ਨੇ ਇਸ ਸਮੇਂ ਦੌਰਾਨ ਸਾਹਮਣਾ ਕੀਤਾ ਹੈ।
ਵੂਮੈਨ ਕਮੇਟੀ ਦੀ ਉਪ-ਚੇਅਰ ਹੋਣ ਦੇ ਨਾਤੇ, ਸੰਸਦ ਮੈਂਬਰ ਸੋਨੀਆ ਸਿੱਧੂ ਵੱਲੋਂ ਬੱਚਿਆਂ ਦੀ ਦੇਖਭਾਲ ਨੂੰ ਕਿਫਾਇਤੀ ਬਣਾਉਣ ਲਈ ਲਗਾਤਾਰ ਆਵਾਜ਼ ਉਠਾਈ ਜਾਂਦੀ ਰਹੀ ਹੈ। ਉਹਨਾਂ ਨੇ ਕਿਹਾ ਕਿ ਜਦੋਂ ਮਾਪੇ, ਖ਼ਾਸਕਰ ਮਾਵਾਂ, ਬੱਚਿਆਂ ਦੀ ਦੇਖਭਾਲ ਕਰਨ ਦੇ ਨਤੀਜੇ ਵਜੋਂ ਕੰਮ ਕਰਨ ਦੇ ਅਸਮਰੱਥ ਹੁੰਦੀਆਂ ਹਨ ਤਾਂ ਪਰਿਵਾਰ ਨੂੰ ਵੀ ਵਿੱਤੀ ਬੋਝ ਅਤੇ ਹੋਰਨਾਂ ਮੁਸ਼ਕਲਾਂ ਨੂੰ ਨਜਿੱਠਣਾ ਪੈਂਦਾ ਹੈ। ਉਹਨਾਂ ਨੇ ਕਿਹਾ ਕਿ ਬਰੈਂਪਟਨ
ਸਾਊਥ ਦੇ ਇਸ ਪਰਿਵਾਰ ਵਾਂਗ ਕੈਨੇਡਾ ਭਰ ਦੇ ਪਰਿਵਾਰਾਂ ਨੂੰ ਚਾਈਲਡ ਕੇਅਰ ਬੈਨੀਫਿਟ 'ਚ ਵਾਧਾ ਹੋਣ ਕਾਰਨ ਲੋੜੀਂਦੀ ਸਹਾਇਤਾ ਕੈਨੇਡਾ ਫੈੱਡਰਲ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਹੈ ਕਿਉਂਕਿ ਜਦੋਂ ਬੱਚਿਆਂ ਦੀ ਦੇਖਭਾਲ ਨੂੰ ਕਿਫਾਇਤੀ ਬਣਾਇਆ ਜਾਂਦਾ ਹੈ ਤਾਂ ਮਹਿਲਾਵਾਂ, ਬੱਚਿਆਂ ਅਤੇ ਆਰਥਿਕਤਾ ਨੂੰ ਵੀ ਲਾਭ ਹੁੰਦਾ ਹੈ।ਐਮ ਪੀ ਸੋਨੀਆ ਸਿੱਧੂ ਨੇ ਇਸ ਮਹੱਤਵਪੂਰਣ ਵਿਸ਼ੇ 'ਤੇ ਵਿਚਾਰ ਵਟਾਂਦਰੇ ਲਈ, ਪੀਲ ਵਿਚ ਪਰਿਵਾਰਾਂ ਨਾਲ ਮੁਲਾਕਾਤ ਕਰਨ ਅਤੇ ਬਰੈਂਪਟਨ ਸਾਊਥ ਦੇ ਪਰਿਵਾਰਾਂ ਦੀਆਂ ਮੁਸ਼ਕਲਾਂ ਸੁਣਨ ਲਈ ਮੰਤਰੀ ਫ੍ਰੀਲੈਂਡ ਦਾ ਧੰਨਵਾਦ ਕੀਤਾ।
ਕੈਨੇਡਾ ਸਰਕਾਰ ਵੱਲੋਂ ਬੱਚਿਆਂ ਵਾਲੇ ਮੱਧ ਵਰਗੀ ਪਰਿਵਾਰਾਂ ਦੀਆਂ ਲੋੜਾਂ ਨੂੰ ਧਿਆਨ 'ਚ ਰੱਖਦਿਆਂ ਬਜਟ 2021 ਨੂੰ ਬਣਾਇਆ ਗਿਆ ਹੈ। ਪਿਛਲੇ ਮਹੀਨੇ, ਫੈਡਰਲ ਸਰਕਾਰ ਨੇ ਕੈਨੇਡਾ ਚਾਈਲਡ ਬੈਨੀਫਿਟ ਵਿਚ ਵਾਧਾ ਕਰਨ ਦੀ ਘੋਸ਼ਣਾ ਕੀਤੀ ਸੀ, ਜਿਸ 'ਚ ਯੋਗ ਪਰਿਵਾਰ 6.6 ਸਾਲ ਤੋਂ ਘੱਟ ਉਮਰ ਦੇ ਬੱਚੇ ਪ੍ਰਤੀ ਵਾਧੂ $ 1200 ਤੱਕ ਪ੍ਰਾਪਤ ਕਰ ਸਕਦੇ ਹਨ। ਇਹ ਭੁਗਤਾਨ ਬੱਚਿਆਂ ਦੀ ਦੇਖਭਾਲ ਦੇ ਪ੍ਰਬੰਧ, ਸਿਹਤਮੰਦ ਭੋਜਨ ਅਤੇ ਕੱਪੜੇ ਵਰਗੀਆਂ ਜ਼ਰੂਰੀ ਚੀਜ਼ਾਂ ਦੀ ਅਦਾਇਗੀ ਵਿੱਚ ਸਹਾਇਤਾ ਕਰਨਗੇ। ਇਸ ਤੋਂ ਇਲਾਵਾ ਬਜਟ 2021 ਵਿੱਚ ਕਿਊਬੈਕ ਦੇ ਬਾਹਰਲੇ ਸਾਰੇ ਸੂਬਿਆਂ ਵਿੱਚ ਨਿਯਮਤ ਸ਼ੁਰੂਆਤੀ ਸਿਖਲਾਈ ਅਤੇ ਬੱਚਿਆਂ ਦੀ ਦੇਖਭਾਲ ਲਈ ਔਸਤਨ ਫੀਸਾਂ ਵਿੱਚ 50 ਪ੍ਰਤੀਸ਼ਤ ਦੀ ਕਟੌਤੀ ਦਾ ਪ੍ਰਸਤਾਵ ਹੈ ਅਤੇ ਦੇਸ਼ ਭਰ 'ਚ ਚਾਈਲਡ ਕੇਅਰ ਦੀ ਫੀਸ ਨੂੰ 10 ਡਾਲਰ/ਦਿਨ ਤੱਕ ਘਟਾਉਣ ਦਾ ਟੀਚਾ ਮਿੱਥਿਆ ਗਿਆ ਹੈ।

### "ਹਾਟ-ਸਪਾਟ ਕਮਿਊਨਟੀਆਂ 'ਚ ਰਹਿ ਰਹੇ ਵਿਅਕਤੀ ਕੋਵਿਡ-19 ਦੀ ਦੂਸਰੀ ਵੈਕਸੀਨ ਲਗਵਾਉਣ ਲਈ ਜ਼ਰੂਰ ਕਰਨ ਰਜਿਸਟਰ" : ਸੋਨੀਆ ਸਿੱਧੂ

ਬਰੈਂਪਟਨ ਸਾਊਥ ਸਮੇਤ ਹੋਰਨਾਂ ਖੇਤਰਾਂ 'ਚ ਕੋਵਿਡ-19 ਦੀ ਦੂਸਰੀ ਵੈਕਸੀਨ ਡੋਜ਼ ਲਗਵਾਉਣ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ ਅਤੇ ਐੱਮ.ਪੀ ਸਿੱਧੂ ਵੱਲੋਂ ਬਰੈਂਪਟਨ ਵਾਸੀਆਂ ਨੂੰ ਇਸਦੀ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ ਗਈ।
ਇਸ ਸਬੰਧੀ ਪਿਛਲੇ ਹਫਤੇ ਹੀ ਐੱਮ.ਪੀ ਸੋਨੀਆ ਸਿੱਧੂ ਨੇ ਹੈੱਲਥ ਕਮੇਟੀ 'ਚ ਪੀਲ ਰੀਜ਼ਨ 'ਚ ਫੈਲ ਰਹੇ ਡੈਲਟਾ ਵੇਰੀਅੰਟ ਦੇ ਮੱਦੇਨਜ਼ਰ ਵੈਕਸੀਨ ਦੀ ਦੂਸਰੀ ਡੋਜ਼ ਲਈ ਟੀਕਕਰਾਣ ਮੁਹਿੰਮ 'ਚ ਓਨਟਾਰੀਓ ਸੂਬਾ ਸਰਕਾਰ ਵੱਲੋਂ ਤੇਜ਼ੀ ਲਿਆਉਣ ਦੀ ਜ਼ਰੂਰਤ ਸਬੰਧੀ ਚੀਫ਼ ਪਬਲਿਕ ਹੈਲਥ ਅਫਸਰ, ਪੀਲ ਰੀਜਨ ਡਾ: ਲਾਰੈਂਸ ਲੋਅ ਨੂੰ ਸਵਾਲ ਕੀਤਾ ਸੀ, ਜਿਸਦੇ ਜਵਾਬ 'ਚ ਡਾ: ਲੋਅ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਬਰੈਂਪਟਨ ਵਾਸੀਆਂ ਨੂੰ ਵੈਕਸੀਨ ਦੀ ਦੂਸਰੀ ਡੋਜ਼ ਲਗਾਉਣ 'ਚ ਤੇਜ਼ੀ ਲਿਆਉਣ ਬਾਰੇ ਹਾਮੀ ਭਰੀ ਸੀ। ਇਸ ਸਬੰਧੀ ਗੱਲ ਕਰਦਿਆਂ ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਉਹਨਾਂ ਨੂੰ ਖੁਸ਼ੀ ਹੈ ਕਿ ਪੀਲ ਰੀਜਨ 'ਚ ਦੂਸਰੀ ਡੋਜ਼ ਟੀਕਾਕਰਣ ਸਬੰਧੀ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰ ਕੇ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨਾਂ ਨੇ ਕਿਹਾ ਕਿ ਉਹ ਆਉਣ ਵਾਲੇ ਸਮੇਂ 'ਚ ਵੀ ਇਸ ਤਰ੍ਹਾਂ ਜ਼ਰੂਰੀ ਮੁੱਦਿਆਂ 'ਤੇ ਲੋੜੀਂਦੇ ਕਦਮ ਚੁੱਕਦੇ ਰਹਿਣਗੇ। ਕੱਲ੍ਹ ਐੱਮ.ਪੀ ਸੋਨੀਆ ਸਿੱਧੂ ਵੱਲਂ ਹੈੱਲਥ ਕਮੇਟੀ 'ਚ ਡਾ: ਟੂਨਿਸ ਨਾਲ ਵੈਕਸੀਨਾਂ ਦੀ ਡੈਲਟਾ ਵੇਰੀਅੰਟ ਖਿਲਾਫ ਲੜ੍ਹਣ ਦੀ ਸਮਰੱਥਾ ਬਾਰੇ ਵੀ ਗੱਲਬਾਤ ਕੀਤੀ ਗਈ। ਕੈਨੇਡਾ 'ਚ 31 ਮਿਲੀਅਨ ਤੋਂ ਜ਼ਿਆਦਾ ਵੈਕਸੀਨ ਖੇਪ ਪਹੁੰਚ ਚੁੱਕੀ ਹੈ ਅਤੇ ਤੈਅ ਸਮੇਂ ਤੋਂ ਪਹਿਲਾਂ ਹੀ ਕਈ ਹੋਰ ਖੇਪਾਂ ਕੈਨੇਡਾ ਹਰ ਹਫਤੇ ਪਹੁੰਚ ਰਹੀਆਂ ਹਨ। ਇਸ ਸਬੰਧੀ ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਵਾਅਦੇ ਮੁਤਾਬਕ, ਕੈਨੇਡਾ ਸਰਕਾਰ ਸਤੰਬਰ ਮਹੀਨੇ ਤੱਕ ਹਰ ਉਸ ਵਿਅਕਤੀ ਤੱਕ ਕੋਵਿਡ-19 ਵੈਕਸੀਨ ਦੀ ਪਹੁੰਚ ਕਰਵਾਏਗੀ, ਜੋ ਵੈਕਸੀਨ ਲਗਵਾਉਣਾ ਚਾਹੁੰਦੇ ਹਨ।

## ਪੰਜਾਬ ਹੋਮਗਾਰਡ ਦਾ ਪਲਟੂਨ ਕਮਾਂਡਰ ਰਿਸ਼ਵਤ ਲੈਂਦਾ ਫੜਿਆ

ਸ਼ਾਹਕੋਟ, 17 ਜੂਨ (ਪੋਸਟ ਬਿਊਰੋ)- ਜ਼ਿਲ੍ਹਾ ਵਿਜੀਲੈਂਸ ਟੀਮ ਨੇ ਇੱਕ ਸਥਾਨਕ ਹੋਟਲ ਵਿਖੇ ਪੰਜਾਬ ਹੋਮ ਗਾਰਡਸ ਦੇ ਪਲਟਨ ਕਮਾਂਡਰ ਨੂੰ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜ ਲਿਆ। ਮਿਲੀ ਜਾਣਕਾਰੀ ਅਨੁਸਾਰ ਮੇਜਰ ਸਿੰਘ ਥਾਣਾ ਸ਼ਾਹਕੋਟ ਵਿਖੇ ਹੋਮ ਗਾਰਡ ਜਵਾਨ ਵਜੋਂ ਸੇਵਾ ਕਰਦਾ ਸੀ। ਉਸ ਤੋਂ ਛੁੱਟੀਆਂ ਅਤੇ ਸਮੇਂ ਦੀ ਐਡਜਸਟਮੈਂਟ ਵਾਸਤੇ ਸ਼ਾਹਕੋਟ ਵਿਖੇ ਤਾਇਨਾਤ ਪੰਜਾਬ ਹੋਮ ਗਾਰਡ ਦੇ ਪਲਟੂਨ ਕਮਾਂਡਰ ਜਗੀਰੀ ਲਾਲ ਨੇ ਪੰਜ ਹਜ਼ਾਰ ਰੁਪਏ ਰਿਸ਼ਵਤ ਮੰਗੀ ਸੀ, ਜਿਸ ਉੱਤੇਮੇਜਰ ਸਿੰਘ ਨੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਪੰਜਾਬ ਦੇ ਪ੍ਰਧਾਨ ਐਡਵੋਕੇਟ ਗੌਰਵ ਨਾਗਰਾਜ ਵਾਸੀ ਨਕੋਦਰ ਅਤੇ ਹੋਰਨਾਂਦੇ ਨਾਲ ਸੰਪਰਕ ਕੀਤਾ ਤਾਂ ਗੌਰਵ ਨਾਗਰਾਜ ਅਤੇ ਸਾਥੀਆਂ ਨੇ ਜਲੰਧਰ ਵਿਖੇ ਵਿਜੀਲੈਂਸ ਵਿਭਾਗ ਨੂੰ ਦੱਸਿਆ। ਜਗੀਰੀ ਲਾਲ ਨੂੰ ਪੰਜ ਹਜ਼ਾਰ ਰੁਪਏ ਦੇਣ ਲਈ ਸ਼ਾਹਕੋਟ ਦੇ ਇੱਕ ਹੋਟਲ ਵਿੱਚ ਸੱਦਿਆ ਗਿਆ। ਕੱਲ੍ਹ ਇੰਸਪੈਕਟਰ ਰਾਜਵਿੰਦਰ ਕੌਰ ਦੀ ਅਗਵਾਈ ਵਿੱਚ ਆਈ ਵਿਜੀਲੈਂਸ ਟੀਮ ਨੇ ਜਗੀਰੀ ਲਾਲ ਨੂੰ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ-ਹੱਥੀਂ ਕਾਬੂ ਕਰ ਲਿਆ।

## ਤਰਕਸ਼ੀਲ (ਰੈਸ਼ਨਲ) ਸੋਸਾਇਟੀ ਕਨੇਡਾ ਦਾ ਗੱਠਨ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਕਨੇਡਾ ਦੇ ਵੱਖ ਵੱਖ ਪ੍ਰੋਵਿੰਸਸ ਵਿਚ ਚੱਲ ਰਹੀਆਂ ਤਰਕਸ਼ੀਲ ਸੋਸਾਇਟੀਆਂ ਦੇ ਨੁਮਾਂਇੰਦਿਆਂ ਨੇ ਇੱਕ ਵੱਡਾ ਫੈਸਲਾ ਲੈਂਦਿਆਂ, ਤਰਕਸ਼ੀਲ ਲਹਿਰ ਨੂੰ ਕਨੇਡਾ ਵਿਚ ਅੱਗੇ ਲਿਜਾਣ ਲਈ, ਵੱਖ ਵੱਖ ਸ਼ਹਿਰਾਂ ਵਿਚ ਸਰਗਰਮ ਸਾਰੀਆਂ ਤਰਕਸ਼ੀਲ ਸੁਸਾਇਟੀਆਂ ਨੂੰ ਮਿਲਾ ਕੇ, ਕਨੇਡਾ ਪੱਧਰ ਦੀ ਇੱਕੋ ਤਰਕਸ਼ੀਲ ਜਥੇਬੰਦੀ, 'ਤਰਕਸ਼ੀਲ (ਰੈਸ਼ਨਲ) ਸੋਸਾਇਟੀ ਕਨੇਡਾ' ਬਣਾ ਲਈ ਹੈ, ਜਿਸ ਦੀ ਕਾਰਜਕਰਨੀ ਅਤੇ ਆਹੁਦੇਦਾਰ ਕਨੇਡਾ ਭਰ ਵਿਚਲੀਆਂ ਇਕਾਈਆਂ ਦੇ ਮੈਂਬਰਾਂ ਦੁਆਰਾ ਚੁਣੇ ਜਾਇਆ ਕਰਨਗੇ। ਇਹ ਪ੍ਰਾਪਤੀ ਲੰਬੇ ਸਮੇਂ ਤੋਂ ਕਨੇਡਾ ਭਰ ਵਿਚ ਸਰਗਰਮ ਜਥੇਬੰਦੀਆਂ ਦੇ ਨੁਮਾਂਇੰਦਿਆਂ ਦੀਆਂ ਬੀਤੇ ਕਈ ਮਹੀਨਿਆਂ ਤੋਂ ਇਸ ਮਨੋਰਥ ਲਈ ਚੱਲ ਰਹੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ, ਜਿਸ ਦੌਰਾਨ ਕਿਨੀਆਂ ਹੀ ਜ਼ੂੰਮ ਮੀਟਿੰਗਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਟੋਰਾਂਟੋ, ਵੈਨਕੂਵਰ, ਵਿਨੀਪੈਗ, ਐਡਮਿੰਟਨ, ਕੈਲਗਰੀ ਆਦਿ ਤੋਂ ਚੁਣੇ ਨੁਮਾਂਇਦਿਆਂ ਨੇ ਹਿੱਸਾ ਲਿਆ।

ਤਰਕਸ਼ੀਲ ਸੁਸਾਇਟੀ ਦੀਆਂ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚਲੀਆਂ ਇਕਾਈਆਂ ਪਹਿਲਾਂ ਵਾਂਗ ਹੀ ਪੰਜਾਬੀ ਭਾਈਚਾਰੇ ਵਿੱਚ ਤਰਕਸ਼ੀਲ ਵਿਚਾਰਾਂ ਨੂੰ ਲਿਜਾਣ ਤੇ ਲੋਕਾਂ ਨੂੰ ਤਰਕਹੀਣ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਅਗਾਂਹ ਵਧੂ ਵਿਚਾਰਾਂ ਨਾਲ ਜੋੜਨ ਲਈ ਉਪਰਾਲੇ ਕਰਦੀਆਂ ਰਹਿਣਗੀਆਂ। ਸੁਸਾਇਟੀ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਅਜੋਕੇ ਦੌਰ ਵਿਚ ਸਹੀ, ਸਾਇੰਸ ਅਧਾਰਤ ਸੋਚ ਹੀ ਲੋਕਾਂ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਵਿਚ ਸਹਾਈ ਹੋ ਸਕਦੀ ਹੈ। ਤਰਕਸ਼ੀਲ ਸੋਚ ਅਪਣਾਉਣ ਨਾਲ ਹੀ ਆਰਥਕ ਸ਼ੋਸ਼ਣ ਕਰ ਰਹੇ ਫੋਕੇ ਢੌਂਗੀ ਸਾਧਾ ਸੰਤਾਂ ਦੇ ਜੰਜਾਲ ਵਿੱਚੋਂ ਨਿਕਲਿਆ ਜਾ ਸਕਦਾ ਹੈ ਅਤੇ ਜਿੰਦਗੀ ਸੌਖੀ ਤੇ ਚੰਗੇਰੀ ਬਣਾਈ ਜਾ ਸਕਦੀ ਹੈ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਕਿਸੇ ਵਿਅੱਕਤੀ ਕੋਲ ਕੋਈ ਐਸੀ ਗੈਬੀ ਸ਼ਕਤੀ ਨਹੀਂ ਹੋ ਸਕਦੀ ਜਿਸ ਨਾਲ ਉਹ ਦੂਰ ਬੈਠਾ ਹੀ ਕਿਸੇ ਦਾ ਨੁਕਸਾਨ ਜਾਂ ਫਾਇਦਾ ਕਰ ਸਕੇ। ਅਪਣੀ ਇਸ ਸੋਚ ਨੂੰ ਸਹੀ ਸਿੱਧ ਕਰਨ ਲਈ ਪੰਜਾਬ ਅਤੇ ਕਨੇਡਾ ਵਿਚਲੀ ਤਰਕਸ਼ੀਲ ਸੁਸਾਇਟੀ ਵਲੋਂ ਇਹ ਐਲਾਨ ਕੀਤਾ ਹੋਇਆ ਹੈ ਕਿ ਕੋਈ ਵੀ ਗੈਬੀ ਸ਼ਕਤੀਆਂ ਦਾ ਐਲਾਨ ਕਰਨ ਵਾਲਾ ਵਿਅੱਕਤੀ ਚਾਹੇ ਤਾਂ ਲੋਕਾਂ ਸਾਹਮਣੇ ਅਪਣੀਆਂ ਸ਼ਕਤੀਆਂ ਦਾ ਪ੍ਰਦਰਸ਼ਣ ਕਰਕੇ ਸੁਸਾਇਟੀ ਵਲੋਂ ਰੱਖਿਆ ਵੱਡਾ ਇਨਾਮ ਵੀ ਜਿੱਤ ਸਕਦਾ ਹੈ। ਇਹ ਇਨਾਮ ਕਿਨ੍ਹੇ ਹੀ ਸਾਲਾਂ ਤੋਂ ਕੋਈ ਨਹੀਂ ਜਿਤ ਸਕਿਆ ਤੇ ਜਾਣ ਵੇਲੇ, ਆਏ ਇਸ ਤਰ੍ਹਾਂ ਦੇ ਢੌਂਗੀ ਲੋਕ, ਹਮੇਸ਼ਾ ਲੋਕਾਂ ਕੋਲੋਂ ਮੁਆਫੀ ਮੰਗ ਕੇ ਹੀ ਕਿਨਾਰਾ ਕਰਦੇ ਰਹੇ ਹਨ। ਸੁਸਾਇਟੀ ਦੇ ਐਲਾਨਨਾਮੇ ਵਿਚ ਲਿਖਿਆ ਗਿਆ ਹੈ ਕਿ ਸੁਸਾਇਟੀ ਵਿਗਿਆਨਕ ਸਮਝ ਦੇ ਪ੍ਰਸਾਰੇ ਲਈ ਆਪ੍ਣੀ ਸਮਰੱਥਾ ਅਨੁਸਾਰ ਕੰਮ ਕਰੇਗੀ। ਪਖੰਡੀ ਸਾਧਾਂ-ਸੰਤਾਂ, ਵਹਿਮ-ਭਰਮ ਫੈਲਾਉਂਦੇ ਪੀਰਾਂ ਫਕੀਰਾਂ ਅਤੇ ਧਰਮ ਦੇ ਠੇਕੇਦਾਰਾਂ ਆਦਿ ਵੱਲੋਂ ਫੈਲਾਏ ਜਾ ਰਹੇ ਅੰਧਵਿਸ਼ਵਾਸਾਂ ਦਾ ਪਰਦਾ ਫਾਸ਼ ਕਰੇਗੀ। ਮਿਹਨਤਕਸ਼ ਜਮਾਤ ਦੀ ਹੋ ਰਹੀ ਲੁੱਟ ਖਿਲਾਫ਼, ਪੈਦਾਵਾਰ ਦੀ ਉਚਿੱਤ ਵੰਡ ਲਈ ਜਿਥੇ ਲੋਕਾਂ ਨੂੰ ਜਾਗਰੂਕ ਕਰੇਗੀ ਉੱਥੇ ਪੈਦਾਵਾਰ ਦੀ ਤਰਕ ਸੰਗਤ ਵੰਡ ਲਈ ਹੋ ਰਹੇ ਸੰਘਰਸ਼ਾਂ ਲਈ ਅਪਣਾ ਸਹਿਯੋਗ ਵੀ ਦੇਵੇਗੀ। ਕਮੇਟੀ ਦੀ ਮੀਟੰਗ ਵਿਚ ਸੋਸਾਇਟੀ ਦੀ ਵਿਚਾਰਧਾਰਾ, ਇਸ ਦੇ ਮੰਤਵਾਂ ਅਤੇ ਕਾਰਜਾਂ ਨੂੰ ਦਰਸਾਉਂਦਾ ਵਧੀਆ ਲੋਗੋ ਬਣਾਉਣ ਲਈ ਮੈਂਬਰਾਂ ਵਲੋਂ ਕੁਲਵਿੰਦਰ ਖਹਿਰਾ ਦਾ ਖਾਸ ਤੌਰ ਤੇ ਧੰਨਵਾਦ ਕੀਤਾ ਗਿਆ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਬਰੈਂਪਟਨ ਵਿਚ ਬਲਦੇਵ ਰਹਿਪਾ (416 881 7202) ਜਾਂ ਵੈਨਕੂਵਰ ਵਿਚ ਬਾਈ ਅਵਤਾਰ ਗਿੱਲ (604 728 7011) ਨਾਲ ਸੰਪਰਕ ਕੀਤਾ ਜਾ ਸਕਦਾ ਹੈ।






# ਕਿੱਧਰ ਗਏ ਆਜੜੀ, ਵਾਗੀ ਅਤੇ ਗੱਦੀ ?





ਮਾਸਟਰ ਸੰਜੀਵ ਧਰਮਾਣੀ
9478561356

ਸਮੇਂ ਦੀ ਤੋਰ ਨਾਲ ਮਨੁੱਖ ਦੇ ਕੰਮ - ਧੰਦੇ ਆਦਿ ਵਿੱਚ ਤਬਦੀਲੀ ਆਉਣਾ ਸੁਭਾਵਿਕ ਹੀ ਹੈ। ਲਗਭਗ ਤਿੰਨ - ਚਾਰ ਦਹਾਕੇ ਪਹਿਲਾਂ ਪਿੰਡਾਂ ਵਿੱਚ ਭੇਡਾਂ , ਬੱਕਰੀਆਂ , ਗਾਵਾਂ , ਮੱਝਾਂ ਆਦਿ ਘਰ - ਘਰ ਪਾਲੀਆਂ ਜਾਂਦੀਆਂ ਸਨ। ਲੋਕ ਇਨ੍ਹਾਂ ਪਸ਼ੂਆਂ ਤੋਂ ਦੁੱਧ , ਘਿਉ , ਉੱਨ ਆਦਿ ਪ੍ਰਾਪਤ ਕਰ ਲੈਂਦੇ ਸੀ। ਉਸ ਸਮੇਂ ਲੋਕ ਦੇਸੀ ਗਾਵਾਂ ਵੀ ਪਾਲਦੇ ਸਨ। ਬਹੁਤੇਰੇ ਲੋਕ ਇਨ੍ਹਾਂ ਪਸ਼ੂਆਂ ਨੂੰ ਪਾਲ ਕੇ ਆਪਣਾ ਗੁਜ਼ਾਰਾ ਕਰ ਲੈਂਦੇ ਸਨ। ਉਦੋਂ ਲੋਕ ਇਨ੍ਹਾਂ ਪਸ਼ੂਆਂ ਨੂੰ ਚਰਾਂਦਾਂ ਆਦਿ ਵਿੱਚ ਚਰਾਉਣ ਦਾ ਪ੍ਰਬੰਧ ਵੀ ਕਰਦੇ ਸਨ। ਉਸ ਸਮੇਂ ਖੁੱਲ੍ਹੀਆਂ - ਡੁੱਲ੍ਹੀਆਂ ਗੈਰ - ਆਬਾਦ ਜ਼ਮੀਨਾਂ ਅਤੇ ਜੰਗਲ - ਬੇਲੇ ਕਾਫ਼ੀ ਹੁੰਦੇ ਸਨ ਤੇ ਖੇਤੀ ਯੋਗ ਭੂਮੀ ਕਾਫੀ ਘੱਟ ਹੁੰਦੀ ਸੀ। ਇਸ ਲਈ ਪਸ਼ੂਆਂ ਆਦਿ ਨੂੰ ਚਰਾਉਣ ਲਈ ਖੁੱਲ੍ਹੀਆਂ ਚਰਾਂਦਾਂ ਹੁੰਦੀਆਂ ਸਨ। ਭੇਡਾਂ , ਬੱਕਰੀਆਂ ਦੇ ਇਕੱਠ ਨੂੰ ਆਮ ਤੌਰ 'ਤੇ ਇੱਜੜ ਕਿਹਾ ਜਾਂਦਾ ਹੈ ਅਤੇ ਇਸ ਇੱਜੜ ਨੂੰ ਚਰਵਾਉਣ ਵਾਲਾ 'ਆਜੜੀ' ਅਖਵਾਉਂਦਾ ਸੀ। ਗਊਆਂ ਦੇ ਇਕੱਠ ਨੂੰ ਵਗ ਕਿਹਾ ਜਾਂਦੈ ਅਤੇ 'ਵਗ' ਨੂੰ ਚਰਾਂਦਾਂ ਆਦਿ ਵਿੱਚ ਚਰਾਉਣ ਵਾਲੇ ਨੂੰ 'ਵਾਗੀ' ਕਿਹਾ ਜਾਂਦਾ ਰਿਹਾ। ਸਾਰੇ ਪਿੰਡ ਦੀਆਂ ਗਊਆਂ ਨੂੰ ਚਰਵਾਉਣ ਲਈ ਵਾਗੀ ਰੱਖੇ ਹੁੰਦੇ ਸਨ ਅਤੇ ਕਈ ਵਾਰ ਉਨ੍ਹਾਂ ਵੱਲੋਂ ਆਪਣੀ ਸਹਾਇਤਾ ਲਈ ਸਹਾਇਕ ਦੇ ਤੌਰ 'ਤੇ ਛੋਟੀ ਉਮਰ ਦੇ ਲੜਕੇ ਵੀ ਰੱਖੇ ਹੁੰਦੇ ਸਨ। ਪਸ਼ੂਆਂ ਨੂੰ ਚਰਵਾਉਣ ਲਈ ਲੈ ਕੇ ਜਾਣ ਸਮੇਂ ਇੱਕ ਥਾਂ ਇਕੱਠਾ ਕਰ ਲਿਆ ਜਾਂਦਾ। ਵਾਗੀ ਅਤੇ ਆਜੜੀ ਆਪਣੇ ਕੋਲ ਇੱਕ ਡੰਡਾ , ਢਾਂਗੀ ਅਤੇ ਪਾਣੀ ਵਾਲਾ ਬਰਤਨ ਜ਼ਰੂਰ ਰੱਖਦੇ ਸਨ। ਢਾਂਗੀ ਭੇਡਾਂ ਅਤੇ ਬੱਕਰੀਆਂ ਲਈ ਰੁੱਖਾਂ ਤੋਂ ਪੱਤੇ ਆਦਿ ਝਾੜਨ ਲਈ ਆਜੜੀਆਂ ਦੇ ਕੰਮ ਆਉਂਦੀ ਹੁੰਦੀ ਸੀ। ਇਹ ਲੋਕ ਦੁਪਹਿਰ ਦੀ ਰੋਟੀ ਆਦਿ ਵੀ ਆਪਣੇ ਨਾਲ ਰੱਖ ਲੈਂਦੇ। ਇਨ੍ਹਾਂ ਆਜੜੀਆਂ ਅਤੇ ਬਾਗੀਆਂ ਦੀ ਪ੍ਰਕ੍ਰਿਤੀ ਬਹੁਤ ਸ਼ਾਂਤ ਸੁਭਾਅ ਦੀ ਅਤੇ ਜੀਵਨ ਬਹੁਤ ਹੀ ਸਾਦਾ ਅਤੇ ਸਿੱਧਾ ਜਿਹਾ ਹੁੰਦਾ ਸੀ। ਮੌਸਮ ਦਾ ਹਰ ਰੰਗ ਆਜੜੀ , ਵਾਗੀ ਤੇ ਗੱਦੀ ਆਪਣੇ ਪਿੰਡੇ 'ਤੇ ਸਹਿੰਦੇ ਸਨ। ਗੱਦੀ ,ਵਾਗੀ ਤੇ ਆਜੜੀ ਲਈ ਸਰਦੀਆਂ ਦੀ ਠੰਢ , ਗਰਮੀਆਂ ਦੀ ਧੁੱਪ ਤੇ ਲੂ ਸਮੱਸਿਆ ਖੜ੍ਹੀ ਕਰਦੇ ਸਨ। ਇਨ੍ਹਾਂ ਦਾ ਕੰਮ ਕਾਫੀ ਔਖਾ ਅਤੇ ਜੋਖਮ ਭਰਿਆ ਹੁੰਦਾ ਸੀ। ਇਹ ਲੋਕ ਪਸ਼ੂਆਂ ਨੂੰ ਚਰਵਾਉਂਦੇ ਹੋਏ ਰਸਤੇ ਵਿੱਚ ਚਾਹ - ਪਾਣੀ ਦੀ ਤਿਆਰੀ ਆਪ ਕਰਕੇ ਉਸ ਦਾ ਪ੍ਰਬੰਧ ਵੀ ਖੁਦ ਹੀ ਕਰ ਲੈਂਦੇ। ਪਹਿਲਾਂ - ਪਹਿਲ ਆਬਾਦ ਜ਼ਮੀਨਾਂ ਵੀ ਕੇਵਲ ਮੀਂਹ ਆਦਿ 'ਤੇ ਹੀ ਨਿਰਭਰ ਸਨ। ਹਿਮਾਚਲ ਪ੍ਰਦੇਸ਼ , ਜੰਮੂ - ਕਸ਼ਮੀਰ ਆਦਿ ਖੇਤਰਾਂ ਵਿੱਚ ਗੱਦੀ ਲੋਕ ਵੀ ਰਹਿੰਦੇ ਹੁੰਦੇ ਸਨ , ਜੋ ਕਿ ਆਪਣੇ ਘਰ ਤੋਂ ਚਰਵਾਉਣ ਲਈ ਜਾਨਵਰਾਂ ਨੂੰ ਲੈ ਕੇ ਜਾਂਦੇ ਅਤੇ ਸਾਲ ਜਾਂ ਛੇ ਮਹੀਨੇ ਘਰ ਤੋਂ ਦੂਰ ਹੀ ਰਹਿੰਦੇ ਸਨ। ਇਹ ਲੋਕ ਭੇਡਾਂ , ਬੱਕਰੀਆਂ ਆਦਿ ਦੇ ਬੱਚਿਆਂ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਵੀ ਸਫ਼ਰ ਕਰਦੇ ਸਨ। ਇਨ੍ਹਾਂ ਦਾ ਜੀਵਨ ਆਜੜੀ ਅਤੇ ਵਾਗੀਆਂ ਨਾਲੋਂ ਬਹੁਤ ਜ਼ਿਆਦਾ ਕਠਿਨ ਹੁੰਦਾ ਸੀ। ਕਈ ਵਾਰ ਕਿਸੇ ਕਾਰਨ ਵੱਸ ਇਹਨਾਂ ਦੀ ਮ੍ਰਿਤੂ ਹੋ ਜਾਣ ਦਾ ਸਮਾਚਾਰ ਵੀ ਇਨ੍ਹਾਂ ਦੇ ਘਰ ਤੱਕ ਛੇ ਮਹੀਨੇ ਜਾਂ ਸਾਲ ਬਾਅਦ ਹੀ ਪੁੱਜਦਾ ਹੁੰਦਾ ਸੀ। ਇਨ੍ਹਾਂ ਦਾ ਇਹ ਕਿੱਤਾ ਬਹੁਤ ਹੀ ਔਕੜਾਂ ਭਰਿਆ ਹੁੰਦਾ ਸੀ।ਪਹਿਲਾਂ - ਪਹਿਲ ਆਬਾਦ ਜ਼ਮੀਨਾਂ ਵੀ ਕੇਵਲ ਮੀਂਹ 'ਤੇ ਹੀ ਨਿਰਭਰ ਸਨ। ਫਿਰ ਹੌਲੀ - ਹੌਲੀ ਸਮਾਂ ਬਦਲਿਆ ਅਤੇ ਨਹਿਰਾਂ , ਖੂਹਾਂ ਅਤੇ ਮੋਟਰਾਂ ਦੀ ਆਮਦ ਵਧੀ। ਮਸ਼ੀਨੀ ਯੁੱਗ ਦੇ ਆਉਣ ਨਾਲ ਗ਼ੈਰ - ਆਬਾਦ ਜ਼ਮੀਨਾਂ ਘਟ ਗਈਆਂ। ਹੁਣ ਪਿੰਡਾਂ ਵਿੱਚ ਕੋਈ ਵੀ ਸਾਂਝੀ ਥਾਂ ਜਾਂ ਨਿੱਜੀ ਥਾਂ ਗੈਰ - ਆਬਾਦ ਨਹੀਂ ਰਹੀ। ਪਹਿਲਾਂ - ਪਹਿਲ ਵਾਗੀ ਅਤੇ ਆਜੜੀ ਨੂੰ ਸਾਉਣੀ ਜਾਂ ਹਾੜ੍ਹੀ ਦੀ ਫਸਲ ਤਨਖ਼ਾਹ ਦੇ ਰੂਪ ਵਿੱਚ ਦਿੱਤੀ ਜਾਂਦੀ ਸੀ। ਫਿਰ ਹੌਲੀ - ਹੌਲੀ ਇਹ ਪ੍ਰਥਾ ਘਟਦੀ ਗਈ ਤੇ ਪੈਸੇ ਦਿੱਤੇ ਜਾਣ ਲੱਗੇ।ਆਜੜੀ , ਵਾਗੀ ਜਾਂ ਗੱਦੀ ਇਨ੍ਹਾਂ ਦਾ ਕਿੱਤਾ , ਇਨ੍ਹਾਂ ਦਾ ਜੀਵਨ , ਇਨ੍ਹਾਂ ਦਾ ਰਹਿਣ - ਸਹਿਣ ਬਹੁਤ ਹੀ ਸਾਦਾ , ਪਰੰਤੂ ਸਿਦਕ , ਸਿਰੜ ਤੇ ਸਹਿਣਸ਼ੀਲਤਾ ਵਾਲਾ ਹੁੰਦਾ ਸੀ। ਅੱਜ ਵੀ ਹਿਮ-ਾਚਲ - ਪ੍ਰਦੇਸ਼ , ਜੰਮੂ - ਕਸ਼ਮੀਰ , ਲੱਦਾਖ , ਰਾਜਸਥਾਨ ਆਦਿ ਖੇਤਰਾਂ ਵਿੱਚ ਕਿੱਧਰੇ - ਕਿੱਧਰੇ ਵਿਰਲੇ ਦੂਰ - ਦੁਰਾਡੇ ਦੇ ਇਲਾਕਿਆਂ ਵਿੱਚ ਜਾਂ ਵੀਰਾਨ - ਬੀਆਬਾਨਾਂ ਵਿੱਚ ਆਜੜੀ ਤੇ ਵਾਗੀ ਨਜ਼ਰੀਂ ਆਉਂਦੇ ਹਨ। ਹੁਣ ਇਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਇਸ ਕਿੱਤੇ ਤੋਂ ਪਾਸਾ ਵੱਟ ਗਈਆਂ ਹਨ ; ਕਿਉਂਕਿ ਗ਼ੈਰ - ਆਬਾਦ ਜ਼ਮੀਨਾਂ ਘਟ ਗਈਆਂ ਹਨ , ਪਸ਼ੂ ਪਾਲਣ ਪ੍ਰਤੀ ਲੋਕਾਂ ਦੀ ਰੁਚੀ ਵੀ ਘਟਦੀ ਜਾ ਰਹੀ ਹੈ , ਇਨ੍ਹਾਂ ਲੋਕਾਂ ਦਾ ਰੁਝਾਨ ਵੀ ਹੋਰ ਕੰਮ - ਧੰਦਿਆਂ ਅਤੇ ਨੌਕਰੀਆਂ ਵੱਲ ਵਧਦਾ ਜਾ ਰਿਹਾ ਹੈ , ਇਸ ਕਿੱਤੇ ਵਿੱਚ ਕਾਫ਼ੀ ਖ਼ਤਰਾ ਹੁੰਦਾ ਹੈ , ਆਮਦਨ ਵੀ ਬਹੁਤੀ ਜ਼ਿਆਦਾ ਨਹੀਂ ਹੁੰਦੀ ਤੇ ਪਸ਼ੂਆਂ - ਜਾਨਵਰਾਂ ਦੇ ਬੱਚਿਆਂ ਜਾਂ ਬੀਮਾਰ ਪਸ਼ੂਆਂ ਨੂੰ ਚੁੱਕ ਕੇ ਲੰਬਾ ਸਮਾਂ ਸਫ਼ਰ ਕਰਨਾ ਪੈਂਦਾ ਹੈ। ਹੁਣ ਪੰਜਾਬ ਦੀ ਧਰਤੀ ਪਹਿਲਾਂ ਨਾਲੋਂ ਆਬਾਦ ਹੋ ਗਈ ਹੈ ਅਤੇ ਜੰਗਲ - ਬੇਲੇ ਵੀ ਪਹਿਲਾਂ ਨਾਲੋਂ ਕੁਝ ਘਟ ਗਏ ਹਨ। ਇਸ ਤੋਂ ਇਲਾਵਾ ਬੱਕਰੀਆਂ , ਭੇਡਾਂ ਆਦਿ ਦੇ ਪਾਲਣ ਦਾ ਰੁਝਾਨ ਵੀ ਲੋਕਾਂ ਵਿੱਚੋਂ ਘਟਦਾ ਜਾ ਰਿਹਾ ਹੈ। ਹੁਣ ਆਜੜੀ , ਵਾਗੀ ਤੇ ਗੱਦੀ ਦਾ ਕਿੱਤਾ ਲਗਭਗ ਖ਼ਤਮ ਹੀ ਹੋ ਗਿਆ ਹੈ।ਅੱਜ ਜਦੋਂ ਕਦੇ ਵੀ ਆਜੜੀ , ਵਾਗ਼ੀ ਜਾਂ ਗੱਦੀ ਅਚਾਨਕ ਕਿੱਧਰੇ ਨਜ਼ਰ ਆ ਜਾਣ ਤਾਂ ਬੀਤੇ ਸਮੇਂ ਦੀ ਯਾਦ ਮਨ - ਮਸਤਕ ਵਿੱਚ ਸੁਭਾਵਿਕ ਹੀ ਆ ਜਾਂਦੀ ਹੈ ਅਤੇ ਮਨ ਇੱਕ ਪ੍ਰਸ਼ਨ ਕਰਦਾ ਹੈ , " ਅੱਜ ਕਿੱਧਰ ਗਏ ਆਜੜੀ , ਵਾਗੀ ਅਤੇ ਗੱਦੀ ? " ਸ਼ਾਇਦ ਨਵੀਂ ਪੀੜ੍ਹੀ ਇਨ੍ਹਾਂ ਸ਼ਬਦਾਂ ਤੋਂ ਹੀ ਅਣਜਾਣ ਹੋਵੇ।

# ਕਿੰਝ ਪੈਦਾ ਕਰੀਏ ਬੱਚਿਆਂ ਅੰਦਰ ਗੁਰਬਾਣੀ ਪ੍ਰਤੀ ਸਨੇਹ





ਹਰਕੀਰਤ ਕੌਰ
9779118066

ਪਿਛਲੇ ਦਿਨਾਂ ਵਿੱਚ" ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਨ ਦੀ ਲੋੜ " ਸਿਰਲੇਖ ਹੇਠ ਛਪੇ ਲੇਖ ਨੂੰ ਪੜ੍ਹਣ ਉਪਰੰਤ ਪਾਠਕਾਂ ਦੇ ਬਹੁਤ ਸਾਰੇ ਸੁਨੇਹੇ ਵੱਖਰੇ ਵੱਖਰੇ ਵਿਚਾਰ ਸੁਣਨ ਨੂੰ ਮਿਲੇ। ਜਿਸ ਵਿੱਚ ਵੱਧ ਵਿਚਾਰ ਅਤੇ ਸਵਾਲ ਇਹ ਸੀ ਕਿ ਅੱਜ ਦੇ ਬੱਚਿਆਂ ਵਿੱਚ ਗੁਰਬਾਣੀ ਪ੍ਰਤੀ ਸਨੇਹ ਪੈਦਾ ਕਿਵੇਂ ਕੀਤਾ ਜਾਵੇ?

ਅੱਜ ਦਾ ਯੁੱਗ ਬਹੁਤ ਅਗਾਂਹ ਵਧੂ ਯੁੱਗ ਹੈ। ਹਰ ਖੇਤਰ ਵਿੱਚ ਤਰੱਕੀ ਹੋ ਰਹੀ ਹੈ ਪ੍ਰੰਤੂ ਅਫ਼ਸੋਸ ਇਹ ਹੈ ਕਿ ਅਸੀਂ ਅਗਾਂਹ ਵਧੂ ਸੋਚ ਦੇ ਗਲਤ ਅਰਥ ਸਮਝ ਬੈਠੇ ਹਾਂ। ਅੱਜ ਸਾਡੇ ਲਈ ਅਗਾਂਹ ਵਧੂ ਸੋਚ ਦੀ ਨਿਸ਼ਾਨੀ ਪਹਿਰਾਵੇ ਵਿੱਚ ਪੱਛਮੀ ਸੱਭਿਅਤਾ ਝਲਕਦੀ ਹੋਵੇ, ਵਾਧੂ ਦੀਆਂ ਕਾਸਮੈਟਿਕ ਵਸਤੂਆਂ ਨਾਲ ਸ਼ਿੰਗਾਰਿਆ ਮੁੱਖ, ਅੰਗਰੇਜ਼ੀ ਭਾਸ਼ਾ ਦੀ ਵਧੇਰੇ ਵਰਤੋ, ਟਿਕਟਾਕ ਤੇ ਹੋਰ ਸ਼ੋਸ਼ਲ ਮੀਡੀਆ ਐਪਸ ਦੇ ਜ਼ਰੀਏ ਬੇਤੁਕੀਆਂ ਗੱਲਾਂ ਉੱਤੇ ਹੱਸਣਾ ਅਤੇ ਵੀਡੀਓ ਬਣਾਉਣਾ ਆਦਿ ਹਨ । ਇਸੇ ਸੋਚ ਦੇ ਚੱਲਦਿਆਂ ਅਸੀਂ ਅਧਿਆਤਮਕ ਪੱਖ ਤੋਂ ਬੁਰੀ ਤਰ੍ਹਾਂ ਖੋਖਲੇ ਹੁੰਦੇ ਜਾ ਰਹੇ ਹਾਂ। ਆਪਣੇ ਇਤਹਾਸ ਤੋਂ ਕੋਹਾਂ ਦੂਰ ਆਈ ਜਾ ਰਹੇ ਹਾਂ ਅਤੇ ਗੁਰਬਾਣੀ ਦੇ ਉਪਦੇਸ਼ ਤੋਂ ਪਾਸਾ ਵੱਟ ਰਹੇ ਹਾਂ। ਜੇਕਰ ਮੈਂ ਗਲਤ ਨਾ ਹੋਵਾਂ ਤਾਂ 100 ਬੱਚੇ ਪਿੱਛੇ ਜੇਕਰ ਅਸੀਂ ਸਿੱਖ ਇਤਿਹਾਸ ਅਤੇ ਗੁਰਬਾਣੀ ਨਾਲ ਜੁੜੇ ਬੱਚਿਆਂ ਦੀ ਪਛਾਣ ਕਰਨੀ ਹੋਵੇ ਤਾਂ ਬਹੁਤ ਜੱਦੋ ਜਹਿਦ ਪਿਛੋਂ ਕੇਵਲ 10 ਤੋਂ 15 ਬੱਚੇ ਮਿਲਣਗੇ।

ਹੁਣ ਪਾਠਕਾਂ ਦੇ ਸਵਾਲਾਂ ਦੇ ਅਨੁਸਾਰ ਅਜਿਹੇ ਕਿਹੜੇ ਉਪਰਾਲੇ ਕੀਤੇ ਜਾਣ ਜਿਸ ਨਾਲ ਬੱਚਿਆਂ ਅੰਦਰ ਗੁਰਬਾਣੀ ਪ੍ਰਤੀ ਸਨੇਹ ਪੈਦਾ ਕੀਤਾ ਜਾ ਸਕੇ। ਸਭ ਤੋਂ ਪਹਿਲਾਂ ਤਾਂ ਹਰ ਘਰ ਦਾ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਘਰ ਦੇ ਵੱਡੇ ਖੁਦ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਹੋਣ। ਸ਼ਾਮ ਨੂੰ ਵੀ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਹੋਵੇ । ਘਰ ਵਿੱਚ ਬਜੁਰਗਾਂ ਦੁਆਰਾ ਬੱਚਿਆਂ ਨੂੰ ਇਤਹਾਸ ਵਿਚੋਂ ਸਾਖੀਆਂ ਸੁਣਾਈਆਂ ਜਾਣ। ਬੱਚਿਆਂ ਨੂੰ ਅੰਮ੍ਰਿਤ ਵੇਲੇ ਅਤੇ ਗੁਰਬਾਣੀ ਦੀ ਮਹਾਨਤਾ ਤੋਂ ਜਾਣੂ ਕਰਵਾਇਆ ਜਾਵੇ। ਇੱਥੇ ਇੱਕ ਗੱਲ ਬਹੁਤ ਧਿਆਨ ਦੇਣ ਯੋਗ ਹੈ ਕਿ ਬੱਚਿਆਂ ਨੂੰ ਕੱਟੜਤਾ ਦੇ ਨਾਮ ਤੇ ਡਰਾਇਆ ਨਾ ਜਾਵੇ। ਗੁਸਤਾਖੀ ਮੁਆਫ਼ ਪਰ ਮੈ ਕਈ ਕਥਾਵਾਚਕਾਂ ਨੂੰ ਜਾਂ ਬੁਲਾਰਿਆਂ ਨੂੰ ਆਪਣੇ ਬੋਲਾਂ ਦੇ ਰਾਹੀਂ ਪ੍ਰਮਾਤਮਾ ਪ੍ਰਤੀ ਸਨੇਹ ਪੈਦਾ ਕਰਨ ਦੀ ਬਜਾਇ ਇੱਕ ਅਜੀਬ ਡਰ ਪੈਦਾ ਕਰਦਿਆਂ ਸੁਣਿਆ ਹੈ। ਪ੍ਰਮਾਤਮਾ ਦਾ ਨਿਰਮਲ ਭਾਓ ਹੋਣਾ ਜਰੂਰੀ ਹੈ, ਪ੍ਰੰਤੂ ਉਹ ਕਿਸੇ ਨੂੰ ਡਰਾਉਂਦਾ ਨਹੀਂ ਹੈ। ਅਜਿਹੀਆਂ ਗੱਲਾਂ ਦੇ ਚੱਲਦੇ ਬਹੁਤ ਸਾਰੇ ਬੱਚੇ ਅਧਿਆਤਮਕ ਪੱਖ ਤੋਂ ਪੱਛੜੇ ਹੀ ਰਹਿ ਜਾਂਦੇ ਹਨ। ਸੋ ਇਸ ਗੱਲ ਦਾ ਬਹੁਤ ਖਾਸ ਧਿਆਨ ਰੱਖਿਆ ਜਾਵੇ ਕਿ ਸਾਡਾ ਸਭ ਤੋਂ ਪਹਿਲਾ ਯਤਨ ਬੱਚਿਆਂ ਵਿੱਚ ਗੁਰਬਾਣੀ ਪ੍ਰਤੀ ਸਨੇਹ ਪੈਦਾ ਕਰਨਾ ਹੈ ਨਾ ਕਿ ਬੱਚਿਆਂ ਨੂੰ ਡਰਾਉਣਾ ਜਾਂ ਕੱਟੜ ਬਣਾਉਣਾ।

ਦੂਸਰਾ ਹੀਲਾ ਇਹ ਹੋ ਸਕਦਾ ਹੈ ਕਿ ਜਿਸ ਵੀ ਸਕੂਲ ਵਿੱਚ ਤੁਸੀਂ ਆਪਣੇ ਬੱਚੇ ਨੂੰ ਪੜ੍ਹਨ ਲਈ ਭੇਜ ਰਹੇ ਹੋ, ਯਕੀਨੀ ਬਣਾਓ ਕਿ ਉਸ ਸਕੂਲ ਵਿੱਚ ਧਾਰਮਿਕ ਸਿੱਖਿਆ ਦਾ ਇੱਕ ਲਾਜ਼ਮੀ ਵਿਸ਼ਾ ਹੋਵੇ। ਜੇਕਰ ਸਕੂਲ ਵਿੱਚ ਵਿਸ਼ਾ ਨਹੀਂ ਹੈ ਤਾਂ ਧਾਰਮਿਕ ਸਿੱਖਿਆ ਦੇ ਵਿਸ਼ੇ ਨੂੰ ਪੜਾਉਣ ਦੀ ਮੰਗ ਕੀਤੀ ਜਾਵੇ। ਇਸ ਤੋਂ ਇਲਾਵਾ ਸਕੂਲਾਂ ਵਿੱਚ ਜਿੱਥੇ ਹੋਰ ਸੱਭਿਆਚਾਰਕ ਗਤੀਵਿਧੀਆਂ ਹੁੰਦੀਆਂ ਹਨ ਉੱਥੇ ਗੁਰਮਤਿ ਨਾਲ ਸੰਬੰਧਿਤ ਪ੍ਰੋਗਰਾਮ ਉਲੀਕੇ ਜਾਣ, ਗੁਰਬਾਣੀ ਕੰਠ ਅਤੇ ਇਤਹਾਸ ਨਾਲ ਸੰਬੰਧਿਤ ਹੋਰ ਗੁਰ-ਮਤਿ ਮੁਕਾਬਲੇ ਕਰਵਾਏ ਜਾਣ। ਮੈਨੂੰ ਲੱਗਦਾ ਹੈ ਕਿ ਜੇਕਰ ਅਸੀਂ ਇਸ ਗੱਲ ਵੱਲ ਗੌਰ ਫਰਮਾਈਏ ਤਾਂ ਇਹ ਸਭ ਤੋਂ ਅਸਾਨ ਅਤੇ ਪ੍ਰਭਾਵਪੂਰਵਕ ਤਰੀਕਾ ਹੋਵੇਗਾ, ਬੱਚਿਆਂ ਨੂੰ ਸਿੱਖ ਇਤਹਾਸ ਨਾਲ ਜੋੜਨ ਦਾ।

ਤੀਸਰਾ ਪੱਖ ਇਹ ਰੱਖਣਾ ਚਾਹਾਂਗੀ ਕਿ ਜਦੋਂ ਪਰਿਵਾਰ ਸਮੇਤ ਗੁਰੂਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹੋ ਤਾਂ ਉਸ ਸਮੇਂ ਕੇਵਲ ਸੈਲਫੀਆਂ ਜਾਂ ਫੋਟੋਆਂ ਖਿੱਚਣ ਵੱਲ ਹੀ ਨਾ ਕੇਂਦਰਿਤ ਰਹੀਏ, ਉਸ ਸਮੇਂ ਬੱਚਿਆਂ ਨੂੰ ਉਸ ਗੁਰਧਾਮ ਦੀ ਇਤਹਾਸਿਕ ਜਾਣਕਾਰੀ ਵੀ ਦਿੱਤੀ ਜਾਵੇ । ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਗੁਰਧਾਮਾਂ ਨੂੰ ਵੀ ਇੱਕ ਪਿਕਨਿਕ ਸਪਾੱਟ ਬਣਾ ਦਿੱਤਾ ਹੈ । ਮਾਪਿਆਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ।

ਬੱਚਿਆਂ ਵਿੱਚ ਗੁਰਬਾਣੀ ਪ੍ਰਤੀ ਸਨੇਹ ਪੈਦਾ ਕਰਨ ਲਈ ਬੱਚਿਆਂ ਨੂੰ ਸਮੇਂ ਸਮੇਂ ਤੇ ਛੋਟੇ ਮੋਟੇ ਤੋਹਫੇ ਵੀ ਦਿੱਤੇ ਜਾ ਸਕਦੇ ਹਨ, ਬੱਚਿਆਂ ਦੀ ਹੌਸਲਾ ਅਫਜਾਈ ਲਈ ਉਹਨਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਹੱਲਾਸ਼ੇਰੀ ਦਿੰਦੇ ਰਹੋ, ਬੱਚਿਆਂ ਦੇ ਮਨ ਬਹੁਤ ਕੋਮਲ ਹੁੰਦੇ ਹਨ ਮਾਪਿਆਂ ਦੁਆਰਾ ਕੀਤੀ ਰਤਾ ਜਿੰਨੀ ਤਾਰੀਫ਼ ਬੱਚੇ ਦੀ ਹੌਸਲਾ ਅਫਜਾਈ ਕਰਦੀ ਹੈਂ ਅਤੇ ਉਸਨੂੰ ਅਹਿਸਾਸ ਕਰਵਾਉਂਦੀ ਹੈ ਕਿ ਉਹ ਕਿਸੇ ਚੰਗੇ ਰਸਤੇ ਤੇ ਜਾ ਰਹੇ ਹਨ।


ਇਹ ਕੁਝ ਬਹੁਤ ਹੀ ਨਿੱਕੇ ਨਿੱਕੇ ਉਪਰਾਲੇ ਹਨ, ਜਿੰਨਾ ਦੀ ਮਦਦ ਨਾਲ ਅਸੀਂ ਬੱਚਿਆਂ ਨੂੰ ਬਹੁਤ ਵੱਡੇ ਪੱਧਰ ਤੇ ਗੁਰਮਤਿ ਨਾਲ ਜੋੜ ਸਕਦੇ ਹਾਂ। ਇਹ ਹਰ ਮਾਪੇ ਦਾ ਫਰਜ਼ ਹੈ ਕਿ ਉਹ ਆਪਣੀ ਕੌਮ ਪ੍ਰਤੀ ਜਿੰਮੇਵਾਰੀ ਨੂੰ ਸਮਝਦੇ ਹੋਏ, ਬੱਚਿਆਂ ਨੂੰ ਗੁਰਬਾਣੀ ਨਾਲ ਜੋੜਣ ਦੇ ਵੱਖਰੇ ਵੱਖਰੇ ਹੀਲੇ ਕਰਨ। ਅੱਜ ਦੇ ਬੱਚੇ ਸਾਡੀ ਕੌਮ ਦਾ ਭਵਿੱਖ ਹਨ। ਜੇਕਰ ਅੱਜ ਅਸੀਂ ਇਸਨੂੰ ਅਵੇਸਲੇ ਹੋ ਨਾ ਸਾਂਭ ਸਕੇ ਤਾਂ ਆਉਣ ਵਾਲੇ ਸਮੇਂ ਵਿੱਚ ਅਸੀਂ ਆਪਣੀ ਕੌਮ ਦੇ ਕਰਜ਼ਦਾਰ ਹੋਵਾਂਗੇ।

ਮਾਪਿਆਂ, ਅਧਿਆਪਕਾਂ ਤੇ ਧਰਮ ਪ੍ਰਚਾਰਕਾਂ ਨੂੰ ਮਿਲ ਕੇ ਹੰਭਲਾ ਮਾਰ ਆਪਣੀ ਅਗਲੇਰੀ ਪੀੜੀ ਸਾਂਭਣ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਕੌਮ ਨੂੰ ਸਮਝਦਾਰ ਤੇ ਸੁਲਝੇ ਹੋਏ ਵਾਰਿਸ ਮਿਲ ਸਕਣ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com


Looking For a Nest..? Call the Best




CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'

EXCLUSIVE FOR SALE IN WOODSTOCK






3+1 bdrms with finished Basement

FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਭਰਮ ਦੇ ਗੁਬਾਰੇ ਵਿੱਚ ਅਸਮਾਨੀ ਭੌਂਦੇ ਭਾਰਤ ਵਿੱਚ ਚੌਧਰ-ਭੁੱਖ ਨਾਲ ਸਤਾਈ ਲੀਡਰਸ਼ਿਪ



ਜਤਿੰਦਰ ਪੰਨੂ

ਭਾਰਤ ਦੇਸ਼ ਕਦੇ ਵੀ ਮਾੜਾ ਨਹੀਂ ਸੀ, ਅੱਜ ਵੀ ਮਾੜਾ ਨਹੀਂ, ਸਿਰਫ ਇਸ ਨੂੰ ਲੀਡਰਸ਼ਿਪ ਮਾੜੀ ਮਿਲਦੀ ਰਹੀ ਸੀ ਅਤੇ ਅੱਜ ਵੀ ਇਸੇ ਤਰ੍ਹਾਂ ਦੀ ਲੀਡਰਸ਼ਿਪ ਇਸ ਨੂੰ ਚਲਾ ਰਹੀ ਹੈ। ਕਦੀ ਇਹ ਦੇਸ਼ ਸੋਨੇ ਦੀ ਚਿੜੀ ਮੰਨਿਆ ਜਾਂਦਾ ਸੀ, ਅੱਜ ਇਸ ਦੀ ਗਰੀਬੀ, ਭੁੱਖਮਰੀ ਅਤੇ ਆਰਥਿਕ ਪੱਖੋਂ ਪਛੇਤ ਦੀਆਂ ਗੱਲਾਂ ਦੀ ਚਰਚਾ ਸੰਸਾਰ ਵਿੱਚ ਹੁੰਦੀ ਹੈ। ਦੇਸ਼ ਦੀ ਅਗਵਾਈ ਕਰਨ ਵਾਲੀ ਟੀਮ ਆਪਣੇ ਲੋਕਾਂ ਦਾ ਧਿਆਨ ਸਮੱਸਿਆਵਾਂ ਵੱਲ ਜਾਣ ਤੋਂ ਰੋਕਣ ਲਈ ਉਨ੍ਹਾਂ ਨੂੰ ਏਹੋ ਜਿਹੇ ਸੁਫਨੇ ਵਿਖਾ ਕੇ ਬੁੱਤਾ ਸਾਰਨਾ ਚਾਹੁੰਦੀ ਹੈ, ਜਿਨ੍ਹਾਂ ਦੀ ਕੋਈ ਹਕੀਕਤ ਹੀ ਨਹੀਂ। ਅੰਕੜਿਆਂ ਦੀ ਜਾਦੂਗਰੀ ਕਰਨ ਵਾਲੇ ਬਹੁਤ ਸਾਰੇ ਮਾਹਰ ਦਿੱਲੀ ਵਿੱਚ ਪ੍ਰਧਾਨ ਮੰਤਰੀ ਦੀ ਸੇਵਾ ਵਾਸਤੇ ਬੈਠੇ ਹਨ ਅਤੇ ਉਨ੍ਹਾਂ ਦੀ ਵੇਖੋ-ਵੇਖੀ ਰਾਜਾਂ ਵਿੱਚ ਵੀ ਏਹੋ ਜਿਹੇ ਚਾਪਲੂਸ ਮਾਹਰ ਰੱਖਣ ਦਾ ਅਮਲ ਚੱਲ ਪਿਆ ਹੈ। ਮੁੱਖ ਮੰਤਰੀਆਂ ਨੂੰ ਕੰਮ ਕਰਨ ਦੀ ਲੋੜ ਨਹੀਂ, ਉਹ ਕੰਮ ਕਰ ਦਿੱਤੇ ਹੋਣ ਦਾ ਭਰਮ ਪਾਉਣ ਦੀ ਲੋੜ ਰਹਿੰਦੀ ਹੈ, ਜਿਹੜੇ ਕੰਮ ਲੋਕਾਂ ਨੂੰ ਆਸੇ-ਪਾਸੇ ਹੋਏ ਨਹੀਂ ਦਿੱਸਦੇ, ਪਰ ਮੁੱਖ ਮੰਤਰੀ ਦੇ ਪੱਕੇ ਵਫਦਾਰਾਂ ਦੇ ਮੂੰਹੋਂ ਸੁਣੇ ਜਾ ਸਕਦੇ ਹਨ। ਭਾਰਤ ਦੇ ਸਾਰੇ ਰਾਜਾਂ ਵਿੱਚ ਇਹੋ ਹੁੰਦਾ ਨਜ਼ਰ ਪੈਂਦਾ ਹੈ, ਸਮੇਤ ਸਾਡੇ ਪੰਜਾਬ ਦੇ। ਭਰਮ ਦੇ ਇਹੋ ਜਿਹੇ ਗੁਬਾਰੇ ਕਦੀ ਅਸਲੀ ਅਸਮਾਨ ਨਹੀਂ ਗਾਹ ਸਕਦੇ।

ਜਿਹੜੇ ਭਰਮ ਦੇ ਗੁਬਾਰੇ ਭਾਰਤ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਉਡਾਉਣ ਦੇ ਯਤਨ ਕਰ ਰਹੀਆਂ ਸਨ ਤੇ ਉਨ੍ਹਾਂ ਨੂੰ ਬੜਾ ਵਹਿਮ ਸੀ ਕਿ ਲੋਕਾਂ ਨੂੰ ਪਤਾ ਨਹੀਂ, ਅੱਜ ਉਨ੍ਹਾਂ ਦੀ ਫੂਕ ਨਿਕਲਣ ਲੱਗ ਪਈ ਹੈ। ਇਸ ਦੀ ਸ਼ੁਰੂਆਤ ਬਿਹਾਰ ਤੋਂ ਹੋਈ ਹੈ, ਜਿੱਥੇ 'ਸੁਸ਼ਾਸਨ ਬਾਬੂ' ਨਿਤੀਸ਼ ਕੁਮਾਰ ਆਪਣੀ ਪਾਰਟੀ ਦੀਆਂ ਵਿਧਾਨ ਸਭਾ ਸੀਟਾਂ ਘੱਟ ਹੋਣ ਕਰ ਕੇ ਵੱਧ ਵਿਧਾਇਕਾਂ ਵਾਲੀ ਭਾਜਪਾ ਦੇ ਆਸਰੇ ਮੁੱਖ ਮੰਤਰੀ ਹੈ। 'ਸ਼ਾਸਨ' ਰਾਜ-ਪ੍ਰਬੰਧ ਨੂੰ ਕਿਹਾ ਜਾਂਦਾ ਹੈ ਤੇ 'ਸੁਸ਼ਾਸਨ' ਦਾ ਅਰਥ ਸੁਥਰਾ ਰਾਜ-ਪ੍ਰਬੰਧ ਹੁੰਦਾ ਹੈ। ਨਿਤੀਸ਼ ਕੁਮਾਰ ਨੂੰ ਦੇਸ਼ ਵਿੱਚ 'ਸੁਸ਼ਾਸਨ ਬਾਬੂ' ਵਜੋਂ ਪ੍ਰਚਾਰਿਆ ਜਾਂਦਾ ਹੈ ਤੇ ਉਸ ਦੇ ਸੁਸ਼ਾਸਨ ਦਾ ਨਮੂਨਾ ਇਸ ਹਫਤੇ ਹਾਈ ਕੋਰਟ ਦੇ ਹੁਕਮ ਨਾਲ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ। ਕੋਰੋਨਾ ਨਾਲ ਹੁੰਦੀਆਂ ਮੌਤਾਂ ਦੇ ਪੱਖ ਤੋਂ ਬਿਹਾਰ ਬੀਤੀ ਨੌਂ ਜੂਨ ਤੱਕ ਸਤਾਰ੍ਹਵੇਂ ਨੰਬਰ ਉੱਤੇ ਸੀ, ਦਸ ਜੂਨ ਨੂੰ ਇੱਕਦਮ ਬਾਰ੍ਹਵੇਂ ਨੰਬਰ ਉੱਤੇ ਆ ਗਿਆ। ਉਸ ਰਾਜ ਵਿੱਚ ਇੱਕ ਦਿਨ ਪਹਿਲਾਂ ਸਵਾ ਸਾਲ ਦੌਰਾਨ ਹੋਈਆਂ ਮੌਤਾਂ ਦੀ ਗਿਣਤੀ ਚੁਰੰਜਾ ਸੌ ਚੌਵੀ ਤੱਕ ਸੀ, ਪਰ ਉਸ ਦਿਨ ਵਧ ਕੇ ਤਿਰਾਨਵੇਂ ਸੌ ਪੰਝੱਤਰ ਹੋ ਗਈ। ਇੱਕੋ ਦਿਨ ਇਸ ਰਾਜ ਵਿੱਚ ਉਨਤਾਲੀ ਸੌ ਚੁਰਵੰਜਾ ਮੌਤਾਂ ਨਹੀਂ ਸੀ ਹੋਈਆਂ, ਹਾਈ ਕੋਰਟ ਦੇ ਹੁਕਮ ਉੱਤੇ ਗੁਨਾਹ ਮੰਨਣਾ ਪਿਆ ਸੀ ਕਿ ਪਹਿਲਾਂ ਮੌਤਾਂ ਵੱਧ ਹੁੰਦੀਆਂ ਰਹੀਆਂ ਸਨ ਤੇ ਰਿਕਾਰਡ ਵਿੱਚ ਘੱਟ ਦਰਜ ਕਰਦੇ ਰਹੇ ਸਨ। ਰਾਜਧਾਨੀ ਵਾਲੇ ਸ਼ਹਿਰ ਪਟਨਾ ਵਿੱਚ ਪੌਣੇ ਗਿਆਰਾਂ ਸੌ ਮੌਤਾਂ ਉਨ੍ਹਾਂ ਲੋਕਾਂ ਦੀਆਂ ਪਤਾ ਲੱਗੀਆਂ, ਜਿਹੜੇ ਮਰੇ ਤਾਂ ਕੋਰੋਨਾ ਨਾਲ ਸਨ, ਪਰ ਉਸ ਖਾਤੇ ਵਿੱਚ ਦਰਜ ਨਹੀਂ ਸਨ ਕੀਤੇ ਗਏ। ਜਦੋਂ ਹਾਈ ਕੋਰਟ ਨੇ ਪਿਛਲੇ ਮਹੀਨੇ ਗੰਗਾ ਨਦੀ ਵਿਚਲੀਆਂ ਲਾਸ਼ਾਂ ਬਾਰੇ ਬਿਹਾਰ ਸਰਕਾਰ ਦੇ ਵੱਖ-ਵੱਖ ਅਫਸਰਾਂ ਦੇ ਆਪਸ ਵਿੱਚ ਵਖਰੇਵੇਂ ਵਾਲੇ ਦਾਅਵਿਆਂ ਦੇ ਬਾਅਦ ਕੋਰੋਨਾ ਨਾਲ ਹੋਈਆਂ ਕੁੱਲ ਮੌਤਾਂ ਦਾ ਆਡਿਟ ਕਰਨ ਲਈ ਕਿਹਾ ਤਾਂ ਅਠਾਈ ਦਿਨਾਂ ਦੇ ਆਡਿਟ ਮਗਰੋਂ ਇਹ ਅੰਕੜੇ ਪੇਸ਼ ਕਰ ਕੇ ਬਿਹਾਰ ਸਰਕਾਰ ਨੂੰ ਮੰਨਣਾ ਪਿਆ ਕਿ ਮੌਤਾਂ ਲੁਕਾਈਆਂ ਗਈਆਂ ਸਨ। ਭਾਰਤ ਦਾ ਇਹ ਇਕੱਲਾ ਰਾਜ ਨਹੀਂ, ਜਿੱਥੇ ਮੌਤਾਂ ਦੇ ਅੰਕੜੇ ਏਦਾਂ ਲੁਕਾਏ ਗਏ ਹਨ, ਗੁਜਰਾਤ, ਉੱਤਰ ਪ੍ਰਦੇਸ਼ ਤੇ ਕਈ ਹੋਰ ਰਾਜਾਂ ਵਿੱਚ ਵੀ ਇਹੋ ਕੁਝ ਹੋਇਆ ਹੈ, ਜਿਨ੍ਹਾਂ ਵਿੱਚ ਪੰਜਾਬ ਵੀ ਸ਼ਾਮਲ ਹੈ ਅਤੇ ਅਸੀਂ ਇਸ ਬਾਰੇ ਦੋ ਹਫਤੇ ਪਹਿਲਾਂ ਹੀ ਲਿਖ ਦਿੱਤਾ ਸੀ ਕਿ ਅਸਲੀ ਤਸਵੀਰ ਕੁਝ ਹੋਰ ਹੈ, ਪੇਸ਼ ਕੁਝ ਹੋਰ ਕੀਤੀ ਜਾ ਰਹੀ ਹੈ।

ਦੂਸਰਾ ਮਾਮਲਾ ਉਸ ਉੱਤਰਾ ਖੰਡ ਦੇ ਰਾਜ ਤੋਂ ਉੱਭਰਿਆ ਹੈ, ਜਿੱਥੇ ਨਿਰੋਲ ਭਾਜਪਾ ਦੀ ਸਰਕਾਰ ਹੈ। ਇਸ ਸਾਲ ਓਥੇ ਜਦੋਂ ਕੁੰਭ ਮੇਲਾ ਚੱਲ ਰਿਹਾ ਸੀ ਤਾਂ ਹਰ ਥਾਂ ਦੁਹਾਈ ਪੈ ਗਈ ਕਿ ਦੇਸ਼ ਵਿੱਚ ਕੋਰੋਨਾ ਮਹਾਮਾਰੀ ਦੀ ਦੂਸਰੀ ਲਹਿਰ ਚੱਲ ਪਈ ਹੈ, ਇਸ ਮੌਕੇ ਮੇਲੇ ਵਿੱਚ ਬਹੁਤੀ ਭੀੜ ਨਾ ਕਰੋ। ਕੇਂਦਰ ਦੀ ਸਰਕਾਰ ਵੀ ਅਤੇ ਉੱਤਰਾ ਖੰਡ ਵਾਲੀ ਵੀ ਇਹੋ ਕਹਿੰਦੀਆਂ ਰਹੀਆਂ ਕਿ ਮਹਾਮਾਈ ਗੰਗਾ ਦੇ ਚਰਨਾਂ ਵਿੱਚ ਜਾਂਦੀ ਭੀੜ ਲਈ ਕੋਈ ਖਤਰਾ ਨਹੀਂ, ਪਰ ਕੋਰੋਨਾ ਨਾਲ ਜਦੋਂ ਤਿੰਨ ਵੱਡੇ ਸੰਤਾਂ ਦੀ ਮੌਤ ਹੋ ਗਈ ਤਾਂ ਸਰਕਾਰ ਨੇ ਮੇਲਾ ਸਮੇਟਣਾ ਆਰੰਭ ਕਰ ਦਿੱਤਾ। ਉਸ ਦਿਨ ਤੱਕ ਓਥੇ ਆਏ ਲੋਕਾਂ ਵਿੱਚ ਬਿਮਾਰੀ ਕਾਫੀ ਫੈਲ ਗਈ ਹੋਣ ਦੀ ਚਰਚਾ ਚੱਲ ਪਈ ਸੀ, ਪਰ ਸਰਕਾਰ ਨੇ ਇਹ ਦਲੀਲ ਦੇ ਕੇ ਭਾਰਤ ਦੇ ਲੋਕਾਂ ਨੂੰ ਭੁਚਲਾਉਣਾ ਚਾਹਿਆ ਕਿ ਏਥੇ ਆਉਣ ਵਾਲੇ ਸਾਰੇ ਲੋਕਾਂ ਲਈ ਕੋਵਿਡ-19 ਦੇ ਟੈੱਸਟ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਦੇ ਲਈ ਲੈਬਾਰਟਰੀਆਂ ਨੂੰ ਸਰਕਾਰ ਖਰਚਾ ਦੇ ਰਹੀ ਹੈ। ਮੇਲਾ ਮੁੱਕਣ ਮਗਰੋਂ ਪੰਜਾਬ ਦੇ ਫਰੀਦਕੋਟ ਜ਼ਿਲੇ ਦੇ ਇੱਕ ਵਿਅਕਤੀ ਨੂੰ ਮੋਬਾਈਲ ਫੋਨ ਉੱਤੇ ਕੋਰੋਨਾ ਦਾ ਟੈੱਸਟ ਹੋਣ ਦਾ ਮੈਸੇਜ ਆ ਗਿਆ। ਉਸ ਨੇ ਭਾਰਤ ਸਰਕਾਰ ਦੀ ਮੈਡੀਕਲ ਖੋਜ ਕੌਂਸਲ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਂ ਤਾਂ ਇਹ ਟੈੱਸਟ ਕਰਵਾਇਆ ਨਹੀਂ, ਮੈਨੂੰ ਮੈਸੇਜ ਦੇਣ ਬਾਰੇ ਜਾਂਚ ਕੀਤੀ ਜਾਣੀ ਚਾਹੀਦੀ ਹੈ। ਜਾਂਚ ਸ਼ੁਰੂ ਕੀਤੀ ਗਈ ਤਾਂ ਪਹਿਲੇ ਹਫਤੇ ਹੀ ਖਬਰ ਮਿਲ ਗਈ ਕਿ ਏਦਾਂ ਦੇ ਕਰੀਬ ਇੱਕ ਲੱਖ ਕੇਸ ਮਿਲੇ ਹਨ, ਜਿਹੜੇ ਲੋਕ ਓਥੇ ਗਏ ਨਹੀਂ ਸਨ, ਪਰ ਉਨ੍ਹਾਂ ਦੇ ਕਾਗਜ਼ੀ ਟੈੱਸਟ ਕਰ ਕੇ ਐਵੇਂ ਨੰਬਰ ਭਰਨ ਨਾਲ ਉਨ੍ਹਾਂ ਨੂੰ ਮੈਸੇਜ ਜਾ ਰਹੇ ਸਨ। ਇਸ ਪਿੱਛੋਂ ਕੁੰਭ ਮੇਲੇ ਦੇ ਟੈੱਸਟਾਂ ਦੀ ਵਿਸਥਾਰਤ ਜਾਂਚ ਕੀਤੀ ਜਾਣ ਲੱਗੀ ਹੈ, ਪਰ ਸਵਾਲ ਉੱਠ ਖੜੋਤਾ ਹੈ ਕਿ ਏਦਾਂ ਕਰਨ-ਕਰਾਉਣ ਦਾ ਜ਼ਿੰਮੇਵਾਰ ਕੌਣ ਹੈ? ਸਰਕਾਰ ਕਹਿੰਦੀ ਹੈ ਕਿ ਏਦਾਂ ਦੀ ਠੱਗੀ ਕਰਨ ਵਾਲੀਆਂ ਲੈਬਾਰਟਰੀਆਂ ਦੀ ਰਕਮ ਦੀ ਅਦਾਇਗੀ ਰੋਕ ਲਈ ਹੈ, ਪਰ ਇਹ ਕੰਮ ਕੋਈ ਲੈਬਾਰਟਰੀ ਆਪਣੇ ਸਿਰ ਉੱਤੇ ਕਿਸੇ ਵੱਡੇ ਬੰਦੇ ਦਾ ਹੱਥ ਹੋਣ ਤੋਂ ਬਿਨਾਂ ਕਰ ਹੀ ਨਹੀਂ ਸਕਦੀ, ਆਖਰ ਉਨ੍ਹਾਂ ਵੱਡੇ ਬੰਦਿਆਂ ਨੂੰ ਕੌਣ ਹੱਥ ਪਾਵੇਗਾ?

ਸਾਡਾ ਦਾਅਵਾ ਹੈ ਕਿ ਏਦਾਂ ਦੀ ਜਾਂਚ ਸਾਰੇ ਭਾਰਤ ਦੇ ਰਾਜਾਂ ਵਿੱਚ ਕੀਤੀ ਜਾਵੇ ਤਾਂ ਕੋਰੋਨਾ ਦੀ ਮਾਰ ਨਾਲ ਭਾਰਤ ਵਿੱਚ ਹੋਈਆਂ ਮੌਤਾਂ ਦਾ ਕੁੱਲ ਅੰਕੜਾ ਬਹੁਤ ਵਧ ਜਾਵੇਗਾ, ਪਰ ਇਹ ਜਾਂਚ ਕੋਈ ਕਰਵਾਵੇਗਾ ਨਹੀਂ। ਕਾਰਨ ਇਸ ਦਾ ਇਹ ਹੈ ਕਿ ਇਸ ਵਕਤ ਭਾਰਤ ਦੀ ਸਰਕਾਰ ਲੋਕਾਂ ਨੂੰ ਭਰਮ ਦੀ ਜ਼ਿੰਦਗੀ ਜਿਉਣਾ ਸਿਖਾਉਣ ਦੇ ਯਤਨ ਕਰ ਰਹੀ ਹੈ ਤੇ ਏਦਾਂ ਦੇ ਯਤਨਾਂ ਵਿੱਚ ਅਸਲੀ ਅੰਕੜਿਆਂ ਦਾ ਦਖਲ ਸੁਫਨੇ ਦਾ ਸੱਤਿਆਨਾਸ ਕਰ ਦੇਵੇਗਾ। ਕੇਂਦਰ ਦੀ ਇਸ ਸਰਕਾਰ ਦੇ ਇੱਕ ਮੰਤਰੀ ਨੇ, ਜਿਹੜਾ ਖੁਦ ਐਲੋਪੈਥੀ ਦਾ ਸਿਆਣਾ ਡਾਕਟਰ ਮੰਨਿਆ ਜਾਂਦਾ ਹੈ, ਹਰਦੁਆਰ ਪਹੁੰਚ ਕੇ ਰਾਮਦੇਵ ਦੀ ਪਤੰਜਲੀ ਕੰਪਨੀ ਦੀ ਉਹ ਦਵਾਈ ਲਾਂਚ ਕਰਨ ਦੀ ਜ਼ਿਮੇਵਾਰੀ ਨਿਭਾਈ, ਜਿਹੜੀ ਉਸ ਨੇ ਕੋਰੋਨਾ ਦੇ ਇਲਾਜ ਵਾਲੀ ਕਹੀ ਸੀ, ਪਰ ਦੂਸਰੇ ਦਿਨ ਇਹ ਮੰਨ ਲਿਆ ਸੀ ਕਿ ਇਹ ਕੋਰੋਨਾ ਦੇ ਇਲਾਜ ਦੀ ਦਵਾਈ ਨਹੀਂ। ਰਾਮਦੇਵ ਦੋਗਲੀ ਸੋਚ ਵਾਲਾ ਚਲਾਕ ਕਾਰੋਬਾਰੀ ਹੈ। ਉਸ ਨੇ ਇੱਕ ਸਮਾਗਮ ਵਿੱਚ ਕਿਹਾ ਸੀ ਕਿ ਮੈਂ ਯੋਗ ਨਾਲ ਹਰ ਰੋਗ ਦੂਰ ਕਰ ਸਕਦਾ ਹਾਂ। ਉਸ ਸਮਾਗਮ ਵਿੱਚ ਵਿਅੰਗਕਾਰ ਸੁਰਿੰਦਰ ਸ਼ਰਮਾ ਨੇ ਇੱਕੋ ਸਵਾਲ ਪੁੱਛਿਆ ਸੀ, ਜਿਸ ਦਾ ਜਵਾਬ ਅੱਜ ਤੱਕ ਵੀ ਕਦੇ ਨਹੀਂ ਮਿਲਿਆ। ਸੁਰਿੰਦਰ ਸ਼ਰਮਾ ਨੇ ਪੁੱਛਿਆ ਸੀ ਕਿ 'ਬਾਬਾ, ਜੇ ਯੋਗ ਨਾਲ ਹਰ ਰੋਗ ਦੂਰ ਹੋ ਸਕਦਾ ਹੈ ਤਾਂ ਤੁਸੀਂ ਦਵਾਈਆਂ ਦੇ ਕਾਰਖਾਨੇ ਕਿਉਂ ਲਾਉਂਦੇ ਅਤੇ ਟੀ ਵੀ ਚੈਨਲਾਂ ਉੱਤੇ ਉਨ੍ਹਾਂ ਦੀ ਮਸ਼ਹੂਰੀ ਕਿਉਂ ਕਰਦੇ ਹੋ? ਕਮਾਈ ਦੇ ਇਸ ਕਾਰੋਬਾਰ ਦਾ ਸੱਚ ਨੰਗਾ ਹੁੰਦਾ ਵੇਖ ਕੇ ਬਾਬਾ ਚੁੱਪ ਹੋ ਗਿਆ, ਪਰ ਰਾਮਦੇਵ ਦੇ ਪਿੱਛੇ ਖੜੀ ਭਾਜਪਾ ਅੱਜ ਵੀ ਰਾਮਦੇਵ ਦੇ ਕਾਰੋਬਾਰ ਨੂੰ ਪ੍ਰਫੁੱਲਤ ਕਰਨ ਲਈ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਕਰੀ ਜਾਂਦੀ ਹੈ। ਭਾਜਪਾ ਦੀਆਂ ਸਰਕਾਰਾਂ ਵਾਲੇ ਰਾਜਾਂ ਦੇ ਲੋਕਾਂ ਨੂੰ ਕੋਰੋਨਾ ਦੀਆਂ ਕਿੱਟਾਂ ਦੇਣ ਲਈ ਰਾਮਦੇਵ ਦੀ ਪਤੰਜਲੀ ਪੀਠ ਦਾ ਮਾਲ ਖਰੀਦ ਕੇ ਦਿੱਤਾ ਜਾਂਦਾ ਹੈ। ਭਾਜਪਾ ਦੇ ਹੇਮਾ ਮਾਲਿਨੀ ਵਰਗੇ ਪਾਰਲੀਮੈਂਟ ਮੈਂਬਰ ਤੇ ਹੋਰ ਆਗੂ ਕਹਿੰਦੇ ਹਨ ਕਿ ਕੋਰੋਨਾ ਨੂੰ ਭਜਾਉਣ ਲਈ ਵੱਧ ਤੋਂ ਵੱਧ ਹਵਨ ਕੀਤੇ ਜਾਣੇ ਚਾਹੀਦੇ ਹਨ ਅਤੇ ਕਈ ਸਾਧੂ ਤੇ ਸਾਧਵੀਆਂ ਇਹ ਪ੍ਰਚਾਰ ਕਰਦੇ ਹਨ ਕਿ ਗਊ ਮੂਤਰ ਨਾਲ ਕੋਰੋਨਾ ਤੋਂ ਛੁਟਕਾਰਾ ਮਿਲ ਜਾਵੇਗਾ। ਜੇ ਸਰਕਾਰ ਸਚਮੁੱਚ ਸੋਚਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਕੋਰੋਨਾ ਵਾਇਰਸ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ ਤਾਂ ਬਾਕੀ ਸਾਰਾ ਤਰੱਦਦ ਕਰਨ ਦੀ ਲੋੜ ਕੀ ਹੈ, ਇਹੋ ਕੰਮ ਕਰ ਲੈਣਾ ਚਾਹੀਦਾ ਹੈ।

ਅਸੀਂ ਲੋਕ ਓਦੋਂ ਬੜੇ ਖੁਸ਼ ਹੋਏ ਸਾਂ, ਜਦੋਂ ਇਹ ਪਤਾ ਲੱਗਾ ਸੀ ਕਿ ਸੰਸਾਰ ਵਿੱਚ ਕੋਰੋਨਾ ਦੇ ਇਲਾਜ ਲਈ ਸਭ ਤੋਂ ਪਹਿਲਾਂ ਜਿਹੜੀਆਂ ਤਿੰਨ ਦਵਾਈਆਂ ਬਣੀਆਂ, ਉਨ੍ਹਾਂ ਵਿੱਚੋਂ ਦੋ ਭਾਰਤੀ ਹਨ। ਇੱਕ ਦਵਾਈ ਕੋਵੀਸ਼ੀਲਡ ਠੀਕ ਰਹੀ ਹੈ, ਪਰ ਜਿਹੜੀ ਦੂਸਰੀ ਕੋਵੈਕਸਿਨ ਨੂੰ ਬਹੁਤ ਉਛਾਲਿਆ ਗਿਆ, ਉਸ ਦਾ ਰੇਟ ਵੀ ਕੋਵੀਸ਼ੀਲਡ ਤੋਂ ਵੱਧ ਪ੍ਰਵਾਨ ਕੀਤਾ ਗਿਆ, ਪਰ ਜਿਨ੍ਹਾਂ ਲੋਕਾਂ ਉਹ ਵੈਕਸੀਨ ਲਵਾਈ, ਉਹ ਪਛਤਾਉਂਦੇ ਹਨ। ਵਿਦੇਸ਼ ਜਾਣ ਵਾਸਤੇ ਜਦੋਂ ਉਹ ਹਵਾਈ ਅੱਡੇ ਉੱਤੇ ਜਾਂਦੇ ਹਨ ਤਾਂ ਪਤਾ ਲੱਗਦਾ ਹੈ ਕਿ ਇਸ ਦਵਾਈ ਨੂੰ ਸੰਸਾਰ ਸਿਹਤ ਸੰਗਠਨ, ਡਬਲਿਊ ਐੱਚ ਓ, ਦੀ ਮਾਨਤਾ ਹੀ ਨਹੀਂ ਹੈ, ਇਸ ਕਰ ਕੇ ਇਸ ਵੈਕਸੀਨ ਵਾਲੇ ਲੋਕਾਂ ਨੂੰ ਬਹੁਤੇ ਦੇਸ਼ ਆਪਣੇ ਕੋਲ ਆਉਣ ਨਹੀਂ ਦੇਂਦੇ। ਜਦੋਂ ਇਸ ਦਵਾਈ ਨੂੰ ਬਹੁਤੇ ਦੇਸ਼ ਅੱਜ ਮਾਨਤਾ ਨਹੀਂ ਦੇ ਰਹੇ ਅਤੇ ਇਸ ਨੂੰ ਸੰਸਾਰ ਸਿਹਤ ਸੰਗਠਨ ਨੇ ਵੀ ਹਾਲੇ ਤੱਕ ਹਰੀ ਝੰਡੀ ਨਹੀਂ ਦਿੱਤੀ, ਉਸ ਨੂੰ ਭਾਰਤ ਦੇ ਲੋਕਾਂ ਨੂੰ ਲਾਉਣ ਦੀ ਮਨਜ਼ੂਰੀ ਭਾਰਤ ਸਰਕਾਰ ਨੇ ਬਿਨਾਂ ਸੋਚੇ ਦੇ ਦਿੱਤੀ ਹੈ। ਏਦਾਂ ਦੀ ਦਵਾਈ ਕੱਲ੍ਹ ਨੂੰ ਕਿਸੇ ਵਿਅਕਤੀ ਦਾ ਕੁਝ ਨੁਕਸਾਨ ਕਰ ਦੇਵੇ ਤਾਂ ਉਸ ਦੇ ਪਰਵਾਰ ਨੂੰ ਹਰਜਾਨਾ ਸ਼ਾਇਦ ਕੋਈ ਅਦਾਲਤ ਦਿਵਾ ਦੇਵੇਗੀ, ਪਰ ਪੀੜਤ ਪਰਵਾਰ ਨੂੰ ਉਨ੍ਹਾਂ ਦੇ ਆਪਣੇ ਪਿਆਰੇ ਜੀਅ ਦੇ ਜਾਣ ਕਾਰਨ ਜਿਹੜੀ ਭਾਵਨਾਤਮਕ ਘਾਟ ਪਈ ਹੈ, ਉਸ ਦੀ ਭਰਪਾਈ ਕਿਹੜੀ ਅਦਾਲਤ ਜਾਂ ਸਰਕਾਰ ਕਰੇਗੀ? ਕੇਂਦਰ ਅਤੇ ਰਾਜਾਂ ਵਿਚਲੀਆਂ ਸਰਕਾਰਾਂ ਭਰਮ ਦੇ ਗੁਬਾਰੇ ਨੂੰ ਅਸਮਾਨ ਵਿੱਚ ਚੜ੍ਹਾਉਣ ਵਾਸਤੇ ਮਸਤ ਹਨ, ਉਨ੍ਹਾਂ ਕੋਲ ਇਹ ਗੱਲਾਂ ਸੋਚਣ ਜੋਗਾ ਵਕਤ ਵੀ ਨਹੀਂ ਜਾਪਦਾ।

ਇਹੋ ਕਾਰਨ ਹੈ ਕਿ ਭਾਰਤ ਤਰੱਕੀ ਕਰਦਾ ਜਾਪਦਾ ਹੈ, ਪਰ ਜਿਹੜੇ ਭਰਮ ਦੇ ਗੁਬਾਰੇ ਵਿੱਚ ਚੜ੍ਹਿਆ ਅਸਮਾਨਾਂ ਵਿੱਚ ਘੁੰਮਦਾ ਹੈ, ਉਹ ਇਸ ਨੂੰ ਕਿਤੇ ਪੁਚਾਉਣ ਨਹੀਂ ਲੱਗਾ। ਲੀਡਰਸ਼ਿਪ ਲਈ ਇਹ ਗੱਲ ਕੋਈ ਅਰਥ ਨਹੀਂ ਰੱਖਦੀ ਕਿ ਦੇਸ਼ ਕਿਤੇ ਪਹੁੰਚਦਾ ਹੈ ਜਾਂ ਨਹੀਂ ਅਤੇ ਇਸ ਦੇਸ਼ ਦੇ ਲੋਕ ਵੀ ਕਿਸੇ ਤਣ-ਪੱਤਣ ਲੱਗਣਗੇ ਜਾਂ ਨਹੀਂ, ਉਨ੍ਹਾਂ ਦਾ ਨਿਸ਼ਾਨਾ ਇੱਕੋ ਹੈ ਕਿ ਸਾਡੀ ਚੌਧਰ ਚਾਹੀਦੀ ਹੈ, ਤੇ ਚੌਧਰ ਦੀ ਏਸੇ ਭੁੱਖ ਨੇ ਇਸ ਦੇਸ਼ ਦਾ ਕੁਝ ਬਣਨ ਨਹੀਂ ਦੇਣਾ।

# ਰੂਹ 'ਚ ਵੱਸਦਾ ਬਾਪ

-ਡਾ ਗੁਰਬਖ਼ਸ਼ ਸਿੰਘ ਭੰਡਾਲ-

ਬਾਪ ਨੂੰ ਪੂਰੇ ਹੋਇਆਂ ਦੋ ਸਾਲ ਹੋ ਚੁੱਕੇ ਨੇ। ਪਰ ਜਾਪਦਾ ਏ ਜਿਵੇਂ ਕੱਲ ਦੀ ਗੱਲ ਹੋਵੇ। ਮਨ ਸੀ ਕਿ ਮੌਤ ਤੋਂ ਸਾਲ ਬਾਅਦ ਫਿਰ ਪਿੰਡ ਜਾਵਾਂਗਾ ਅਤੇ ਪਿਤਾ ਦੀ ਯਾਦ ਨੂੰ ਨੱਤਮਸਤਕ ਹੋਵਾਂਗਾ। ਪਰ ਕਰੋਨਾ ਦੀ ਮਹਾਂਮਾਰੀ ਕਾਰਨ ਵਤਨ ਜਾ ਕੇ ਆਪਣੇ ਦਰਾਂ, ਘਰਾਂ ਅਤੇ ਗਰਾਂ ਨੂੰ ਨੱਤਮਸਤਕ ਹੋਣਾ ਮੁਹਾਲ ਹੋ ਗਿਆ। ਬਾਪ ਦੀ ਰੁੱਖ਼ਸਤਗੀ ਬਹੁਤ ਅੱਖਰਦੀ ਹੈ ਅਤੇ ਇਸਨੂੰ ਘੱਟ ਕਰਨ ਲਈ ਅਕਸਰ ਹੀ ਮੈਂ ਹਰਫ਼ਾਂ ਦੀ ਪਨਾਹ ਵਿਚ ਜਾਂਦਾ ਹਾਂ। ਆਪਣੀ ਚੀਸ ਨੂੰ ਵਰਕੇ ਤੇ ਉਤਾਰ ਕੁਝ ਰਾਹਤ ਮਹਿਸੂਸਦਾ ਹਾਂ।

ਦਰਸਅਸਲ ਬਾਪ ਦਾ ਤੁਹਾਡੀ ਜ਼ਿੰਦਗੀ ਨੂੰ ਸੇਧ ਦੇਣ, ਵਿਅੱਕਤੀਤੱਵ ਉਸਾਰੀ ਅਤੇ ਤੁਹਾਡੀਆਂ ਤਰਜ਼ੀਹਾਂ ਅਤੇ ਤਕਦੀਰਾਂ ਸਿਰਜਣ ਵਾਸਤੇ ਤਦਬੀਰਾਂ ਘੜਨ ਵਿਚ ਬਹੁਤ ਅਹਿਮ ਰੋਲ ਹੁੰਦਾ ਹੈ। ਬੱਚੇ ਦੇ ਸਮੁੱਚ ਵਿਚੋਂ ਉਸਦੇ ਬਾਪ ਨੂੰ ਪ੍ਰਤੱਖ ਤੇ ਅਪ੍ਰਤੱਖ ਰੂਪ ਵਿਚ ਕਦਮ ਕਦਮ ਤੇ ਦੇਖਿਆ ਅਤੇ ਸਮਝਿਆ ਜਾ ਸਕਦਾ। ਜੀਵਨ ਦੀ ਸਾਰਥਿਕਤਾ ਵਿਚ ਰੱਚ-ਮਿੱਚ ਚੁੱਕੇ ਬਾਪ ਨੂੰ ਕਿਵੇਂ ਭੁਲਾਇਆ ਜਾ ਸਕਦਾ? ਉਸਦੀਆਂ ਰਹਿਮਤਾਂ ਅਤੇ ਬਖਸ਼ਿਸ਼ਾਂ ਨੂੰ ਵਾਰ ਵਾਰ ਚਿਤਾਰਨ ਅਤੇ ਸ਼ੁਕਰੀਆ ਕਰਨ ਨੂੰ ਜੀਅ ਕਰਦਾ।

ਬਹੁਤ ਅਕ੍ਰਿਤਘਣ ਹੁੰਦੇ ਨੇ ਉਹ ਲੋਕ ਜੋ ਬਾਪ ਨੂੰ ਸਿਰਫ਼ ਜਾਇਦਾਦ ਖਾਤਰ ਹੀ ਯਾਦ ਕਰਦੇ ਅਤੇ ਉਹਨਾਂ ਦੇ ਜਾਣ ਤੋਂ ਬਾਅਦ, ਬਾਪ ਦੀ ਯਾਦ ਨੂੰ, ਬਾਪ ਸਮੇਤ ਕਬਰਾਂ ਵਿਚ ਦਫ਼ਨਾ ਕੇ ਘਰਾਂ ਨੂੰ ਪਰਤਦੇ।

ਜੀਵਨ 'ਤੇ ਪਿੱਛਲਝਾਤੀ ਮਾਰਦਾ ਹਾਂ ਤਾਂ ਬਾਪ ਦੀ ਹਰ ਮੋੜ ਤੇ ਹੋਂਦ ਅਤੇ ਸੰਗਤਾ ਵਿਚੋਂ ਪ੍ਰਾਪਤ ਕੀਤੇ ਹਾਸਲ ਨੂੰ ਅਣਮੁੱਲੀ ਅਮਾਨਤ ਸਮਝਦਾ ਹਾਂ। ਕਿਵੇਂ ਉਹਨਾਂ ਨੇ ਇਕ ਬੱਚੇ ਨੂੰ ਜ਼ਿੰਮੇਵਾਰ ਵਿਅਕਤੀ ਵਜੋਂ ਤਰਾਸ਼ਿਆ? ਉਸਦੇ ਸੁਪਨਿਆਂ ਦੀ ਪੂਰਤੀ ਲਈ ਮੁੱੜਕਾ ਵਹਾਇਆ, ਬਿਆਈਆਂ ਤੇ ਰੱਟਨਾਂ ਵਿਚੋਂ ਉਜਵਲ ਭਵਿੱਖ ਨੂੰ ਕਿਆਸਿਆ ਅਤੇ ਫ਼ਖਰਮਈ ਕਰਤੱਵ ਸਮਝ ਕੇ ਪੂਰਾ ਕੀਤਾ?

ਚੇਤੇ ਆਉਂਦਾ ਏ ਬਾਪ ਦਾ ਨਵੇਂ ਮੌਜੇ ਪੈਰਾਂ 'ਚ ਪਵਾਉਣਾ, ਅੱਡੀਆਂ ਪਿੱਛੇ ਰੂੰ ਰੱਖਣਾ, ਪਹਿਲੀ ਵਾਰ ਅੱਡੀਆਂ ਤੇ ਪਏ ਛਾਲਿਆਂ ਨੂੰ ਸਹਿਲਾਉਣਾ, ਸਰੋਂ ਦਾ ਤੇਲ ਲਾਉਣਾ ਅਤੇ ਇਹਨਾਂ ਨੂੰ ਹਰ ਰੋਜ਼ ਪਾਉਣ ਦੀ ਤਾਕੀਦ ਕਰਨਾ। ਵੈਸੇ ਘਰ ਤੋਂ ਹਵੇਲੀ ਜਾਂ ਖੂਹ ਤੇ ਜਾਣਾ ਅਤੇ ਖੇਡਣ ਵੇਲੇ ਕੌਣ ਜੁੱਤੀ ਪਾਉਂਦਾ ਸੀ? ਸਿਰਫ਼ ਸਕੂਲ ਜਾਣ ਵੇਲੇ ਜਰੂਰ ਜੁੱਤੀ ਪਾਈਦੀ ਸੀ ਅਤੇ ਉਹ ਵੀ ਪਿੰਡ ਦੇ ਧੰਨੂ ਮੋਚੀ ਦੇ ਤਿਆਰ ਕੀਏ ਮੌਜੇ। ਪਸ਼ੂ ਚਾਰਨ ਜਾਂਦਿਆਂ ਪੈਰਾਂ ਨੂੰ ਤੱਤੀ ਧੁੱਧਲ ਤੋਂ ਬਚਾਉਣ ਲਈ ਘਾਹ ਤੇ ਤੁੱਰ ਲਈਦਾ ਸੀ। ਨੰਗੇ ਰਹਿ ਕੇ ਪੈਰ ਇੰਨੇ ਸਖਤ ਹੋ ਗਏ ਸਨ ਕਿ ਗਰਮੀ/ਸਰਦੀ ਦੀ ਘੱਟ ਹੀ ਪ੍ਰਵਾਹ ਕਰੀਦੀ ਸੀ। ਬਾਪ ਤਾਂ ਬਹੁਤ ਘੱਟ ਪੈਰੀਂ ਜੁੱਤੀ ਪਾਉਂਦਾ ਸੀ। ਉਹ ਤਾਂ ਉਮਰ ਦੇ ਆਖਰੀ ਪੜਾਅ ਵਿਚ ਵੀ ਤਾਕੀਦ ਕਰਨ ਤੇ ਹੀ ਜੁੱਤੀ ਪਾਉਂਦੇ ਸਨ ਵਰਨਾ ਉਹਨਾਂ ਨੂੰ ਨੰਗੇ ਪੈਰੀਂ ਖੂਹ ਤੇ ਜਾਣਾ ਜਾਂ ਹਵੇਲੀ ਵਿਚ ਲਵੇਰੀਆਂ ਨੂੰ ਪੱਠੇ ਪਾਉਣੇ ਚੰਗੇ ਲੱਗਦੇ ਸਨ। ਉਹ ਧਰਤੀ ਨਾਲ ਜੁੱੜਿਆ, ਇਸਦੀ ਮਹਿਕ ਨੂੰ ਆਪਣੇ ਤਨ-ਮਨ ਵਿਚ ਰਚਾਉਂਦਾ, ਧਰਤੀ ਮਾਂ ਦੀ ਕੁੱਖ ਵਿਚੋਂ ਖੁਸ਼ਹਾਲੀ ਤੇ ਖ਼ੁਆਬ ਉਣਦਾ ਰਿਹਾ। ਸਿਹਤਮੰਦ ਜੀਵਨ ਅਤੇ ਲੰਮੀ ਉਮਰ ਦੀ ਦਾਤ ਨਾਲ ਵਰਸੋਇਆ ਰਿਹਾ। ਯਾਦ ਹੈ ਕਿ 'ਕੇਰਾਂ ਉਹਨਾਂ ਦੇ ਪੈਰ ਦੇ ਉਪਰਲੇ ਪਾਸੇ ਅਜੇਹਾ ਜਖ਼ਮ ਹੋਇਆ ਕਿ ਠੀਕ ਹੋਣ ਬਾਅਦ ਫਿਰ ਹਰਾ ਹੋ ਜਾਂਦਾ ਸੀ। ਮੈਂ ਆਪਣੇ ਮਿੱਤਰ ਡਾਕਟਰ ਨੂੰ ਇਸਦਾ ਕਾਰਨ ਪੁੱਛਿਆ ਤਾਂ ਉਹ ਵੀ ਹੈਰਾਨ। ਫਿਰ ਕੁਝ ਸੋਚ ਕੇ ਉਸਨੇ ਜਖ਼ਮ ਨੂੰ ਫਰੋਲਿਆ ਤਾਂ ਦੇਖਿਆ ਕਿ ਲੱਕੜ ਦੀ ਵੱਡੀ ਸਾਰੀ ਛਿੱਲਤ ਜਖ਼ਮ ਵਿਚ ਸੀ ਅਤੇ ਇਸ ਛਿੱਲਤ ਕਾਰਨ ਹੀ ਜਖ਼ਮ ਠੀਕ ਨਹੀਂ ਸੀ ਹੋ ਰਿਹਾ। ਇਸ ਨੂੰ ਬਾਹਰ ਕੱਢਣ ਤੋਂ ਬਾਅਦ ਜਖ਼ਮ ਬਹੁਤ ਜਲਦੀ ਠੀਕ ਹੋ ਗਿਆ। ਕੇਹੀ ਸੀ ਬੇਫ਼ਿਕਰੀ ਬਾਪ ਦੀ ਕਿ ਉਸਨੂੰ ਪੈਰ ਵਿਚ ਵੱਜੀ ਹੋਈ ਛਿੱਲਤ ਦਾ ਕੋਈ ਪਤਾ ਹੀ ਨਹੀਂ ਸੀ ਅਤੇ ਦੋ ਮਹੀਨੇ ਤੀਕ ਪੀੜ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ।

ਬਹੁਤ ਯਾਦ ਏ ਉਹ ਵਕਤ ਜਦ ਬਾਪ ਨੇ ਹੱਲ ਦਾ ਮੁੰਨਾ ਫੜਾਉਂਦਿਆ ਸਮਝਾਇਆ ਕਿ ਕਿਵੇਂ ਹੱਲ ਨੂੰ ਸਿੱਧਾ ਰੱਖਣਾ ਤਾਂ ਕਿ ਚੌਅ ਬਲਦਾਂ ਦੇ ਪੈਰ ਵਿਚ ਨਾ ਵੱਜੇ? ਕਿਵੇਂ ਰੈਅਲ ਸਿੱਧੀ ਲੈਣੀ ਅਤੇ ਸਿਆੜ ਵੀ ਸਿੱਧੇ ਹੋਣੇ ਚਾਹੀਦੇ ਤਾਂ ਕਿ ਪੈਲੀ ਵਾਹੁੰਦਿਆਂ ਕੋਈ ਪਾੜਾ ਨਾ ਰਹਿ ਜਾਵੇ? ਹੱਲ ਜ਼ਿਆਦਾ ਡੂੰਘਾ ਵੀ ਨਹੀਂ ਹੋਣਾ ਚਾਹੀਦਾ ਨਹੀਂ ਤਾਂ ਬਲਦਾਂ ਦੇ ਮਤਾੜੇ ਜਾਣ ਦਾ ਡਰ ਰਹਿੰਦਾ। ਸੂਖ਼ਮ ਅਤੇ ਸਮਝ ਵਾਲੀਆਂ ਗੱਲਾਂ ਉਹ ਬਹੁਤ ਹੀ ਸਧਾਰਨ ਅਤੇ ਸੌਖੇ ਤਰੀਕੇ ਨਾਲ ਸਮਝਾ, ਪੁੱਤ ਨੂੰ ਕਿਸਾਨੀ ਦੇ ਧੰਦੇ ਅਤੇ ਇਸ ਨਾਲ ਜੁੱੜੀਆਂ ਬਾਰੀਕੀਆਂ ਦੀ ਜਾਣਕਾਰੀ ਦੇਣਾ, ਆਪਣਾ ਸੁਭਾਗ ਸਮਝਦਾ ਸੀ। ਉਹਨਾਂ ਦੀ ਧਾਰਨਾ ਸੀ ਕਿ ਜੱਟ ਦੇ ਪੁੱਤ ਨੂੰ ਹੱਲ ਤਾਂ ਜਰੂਰ ਵਾਹੁਣਾ ਆਉਣਾ ਚਾਹੀਦਾ। ਪੋਰ ਕਿਵੇਂ ਬੰਨਣੀ? ਪੋਰ ਰਾਹੀ ਬੀਜ ਕਿਵੇਂ ਕੇਰਨਾ? ਇਕ ਹੱਥ ਪੋਰ ਤੇ ਰੱਖ, ਬੀਜ ਵੀ ਕੇਰਨਾ ਅਤੇ ਹੱਲ ਨੂੰ ਸਿੱਧਾ ਰੱਖਣਾ, ਬਹੁਤ ਹੀ ਸਿਆਣਪ ਭਰਿਆ ਕਾਰਜ ਹੁੰਦਾ ਸੀ ਜਿਸਨੂੰ ਸੁਖੈਨ ਬਣਾਉਣ ਲਈ ਜੁਗਤ ਸਮਝਾਉਣੀ। ਦਰਅਸਲ ਸਾਰੇ ਭੈਣ-ਭਰਾ ਪੜਦੇ ਹੋਣ ਕਾਰਨ, ਬਾਪ ਨੂੰ ਖੁਦ ਹੀ ਪੋਰ ਰਾਹੀਂ ਕਣਕ ਜਾਂ ਮੱਕਈ ਨੂੰ ਕੇਰਨਾ ਪੈਂਦਾ। ਕਿਆਰੇ ਤੇ ਵੱਟਾਂ ਪਾਉਣੀਆਂ ਅਤੇ ਆੜ੍ਹ ਖੋਦਣਾ ਤਾਂ ਅਸਾਨ ਜੇਹੇ ਕੰਮ ਸਨ ਜਿਹਨਾਂ ਨੂੰ ਦੇਖ ਕੇ ਹੀ ਸਮਝ ਲਿਆ ਸੀ।

ਬਾਪ ਬਹੁਤ ਕਿਰਸੀ, ਮਿਹਨਤੀ ਅਤੇ ਬੇਆਰਾਮ ਸੀ। ਯਾਦ ਏ ਕਿ ਇਕ ਦਿਨ ਅੱਸੂ ਮਹੀਨੇ ਕਹਿਣ ਲੱਗਾ ਕਿ ਆਪਾਂ ਤੂਤ ਨੂੰ ਛਾਂਗਣਾ ਅਤੇ ਇਹਨਾਂ ਦੀਆਂ ਛਿੱਟੀਆਂ ਦੇ ਟੋਕਰੇ ਬਣਾਉਣੇ ਆ। ਬਹੁਤ ਕਾਰੀਗਰੀ ਦਾ ਕੰਮ ਹੁੰਦਾ ਏ ਤੂਤ ਨੂੰ ਛਾਂਗਣਾ, ਸਿੱਧੀਆਂ ਤੇ ਲੈਰੀਆਂ ਛਿੱਟੀਆਂ ਨੂੰ ਵੱਖਰਾ ਰੱਖਣਾ ਅਤੇ ਫਿਰ ਇਹਨਾਂ ਦੇ ਵੱਖੋ-ਵੱਖ ਅਕਾਰਾਂ ਦੇ ਲੋੜ ਅਨੁਸਾਰ ਟੋਕਰੇ ਜਾਂ ਲੋੜੀਂਦੀਆਂ ਵਸਤਾਂ ਬਣਾਉਣਾ। ਕਦੇ ਕਦਾਈ ਜਦ ਉਹਨਾਂ ਨੇ ਖੇਤੀ ਦੇ ਕੰਮਾਂ ਵਿਚ ਜ਼ਿਆਦਾ ਰੁੱਝੇ ਹੋਣਾ ਤਾਂ ਟਾਹਲੀਆਂ ਨੂੰ ਛਾਂਗਣ ਦਾ ਜ਼ਿੰਮਾ ਵੀ ਮੇਰਾ ਹੀ ਹੁੰਦਾ। ਬੜੀ ਤਕੜਾਈ ਅਤੇ ਤਕਨੀਕ ਦਾ ਕੰਮ ਹੁੰਦਾ ਏ ਟਾਹਲੀ ਦੇ ਸਿਰੇ 'ਤੇ ਚੜ, ਛੰਗਾਈ ਸ਼ੁਰੂ ਕਰਨਾ, ਹੌਲੀ ਹੌਲੀ ਹੇਠਾਂ ਆਈ ਜਾਣਾ ਅਤੇ ਫਿਰ ਛਾਂਪਿਆਂ ਦੀ ਢੇਰੀ ਲਾ ਕੇ ਸੁਕਾਉਣ ਲਈ ਛੱਡ ਆਉਣਾ। ਬੇੜ, ਰੱਸੇ ਜਾਂ ਰੱਸੀ ਵੱਟਣਾ ਆਦਿ ਇਹ ਸਾਰੇ ਕੰਮ ਬਾਪ ਦੀ ਦਿਤੀ ਹੋਈ ਸੁਮੱਤ ਸਦਕਾ ਬਹੁਤ ਆਸਾਨ ਲੱਗਦੇ ਸੀ।

ਬਾਪ ਨਾਲ ਬਹੁਤ ਸਾਰੀਆਂ ਯਾਦਾਂ ਅਜੇਹੀਆਂ ਨੇ ਜਿਹਨਾਂ ਨੇ ਮਨੁੱਖੀ ਗੁਣਾਂ ਸਰਬਗੁਣੀ ਦੀ ਪ੍ਰਫੂਲਤਾ ਹੋਣ ਅਤੇ ਇਹਨਾਂ ਨੂੰ ਸਮਝਾਉਣ ਵਿਚ ਅਹਿਮ ਭੂਮਿਕਾ ਨਿਭਾਈ। ਮਨੁੱਖ ਲਈ ਸਿਰ ਦੀ ਛੱਤ ਹੀ ਸਭ ਤੋਂ ਪਹਿਲੀ ਲੋੜ ਅਤੇ ਖੇਤ ਵਿਚ ਛੰਨ ਬਹੁਤ ਜਰੂਰੀ ਹੁੰਦੀ ਸੀ। ਛੰਨ ਪਾਉਣ ਲਈ ਪਹਿਲਾਂ ਮੰਡ ਵਿਚ ਕਾਹ ਵੱਢਣਾ। ਗੱਡੇ ਤੇ ਲੱਦ ਕੇ ਲਿਆਣਾ। 'ਕੇਰਾਂ ਮੈਂ ਆਪਣੇ ਬਾਪ ਨਾਲ ਕਾਹ ਵੱਢ ਰਿਹਾ ਸਾਂ ਤਾਂ ਭਲੋਜਲੇ ਦੇ ਕੁਝ ਵਿਅਕਤੀ ਆ ਗਏ ਕਿ ਕਾਹ ਫਿਰ ਵੱਢਣਾ, ਪਹਿਲਾਂ ਇਕ ਗੱਡੇ ਦੇ 20 ਰੁਪਏ ਦਿਓ। ਬਾਪ ਗੁੱਸੇਖੋਰ ਬਹੁਤ ਸੀ। ਉਸਨੇ ਗੱਡੇ 'ਚ ਲਕੋਇਆ ਦਾਤਰ ਕੱਢਿਆ ਅਤੇ ਕਿਹਾ ਕਿ ਇਹ ਮੰਡ ਤੁਹਾਡਾ ਨਹੀਂ। ਚੰਗਾ ਹੈ ਤਾਂ ਚੱਲੇ ਜਾਓ। ਵਰਨਾ ਹੁਣੇ ਹੀ ਕੁਝ ਹੋ ਜਾਵੇਗਾ। ਅਤੇ ਉਹ ਕੰਨ ਵਲੇਟ ਕੇ ਤੁੱਰਦੇ ਬਣੇ। ਇਹ ਮੇਰੇ ਲਈ ਇਕ ਅਚੇਤ ਸੁਨੇਹਾ ਸੀ ਕਿ ਆਪਣੇ ਹੱਕ ਲਈ ਡੱਟਣਾ ਅਤੇ ਸੱਚ ਤੇ ਪਹਿਰਾ ਦੇਣਾ ਸਹੀ ਹੁੰਦਾ। ਬੇਇਨਸਾਫ਼ੀ ਵਿਰੁੱਧ ਡੱਟ ਜਾਵੋ ਕਿਉਂਕਿ ਡਰਦੇ ਹੋਏ ਨੂੰ ਲੋਕ ਜ਼ਿਆਦਾ ਡਰਾਉਂਦੇ ਆ। ਵੈਸੇ ਬਾਪ ਦਾ ਸਿਧਾਂਤ ਸੀ ਕਿ ਕਿਸੇ ਦੀ ਚੋਰੀ ਪੱਠੇ ਨਾ ਵੱਢੋ, ਇਹ ਹੀ ਸਭ ਤੋਂ ਵੱਡਾ ਧਰਮ ਏ। ਇਸ ਨਾਲ ਹਵੇਲੀ, ਖੁਰਲੀ ਅਤੇ ਡੰਗਰਾਂ ਦੀਆਂ ਬਰਕਤਾਂ ਕਾਇਮ ਰਹਿਣਗੀਆਂ।

ਬਾਪ ਆਪ ਸਕੂਲੇ ਨਹੀਂ ਸੀ ਗਿਆ ਅਤੇ ਉਸਨੂੰ ਬੜਾ ਚਾਅ ਸੀ ਕਿ ਉਸਦੇ ਬੱਚੇ ਪੜਨ ਅਤੇ ਉਹਨਾਂ ਅੱਖਰਾਂ ਦੀ ਜੋਤ ਆਪਣੇ ਦੀਦਿਆਂ ਵਿਚ ਜਗਾਉਣ ਜਿਸ ਤੋਂ ਉਹ ਮਹਿਰੂਮ ਰਿਹਾ ਸੀ। ਉਸਨੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਸਕੂਲ ਭੇਜਿਆ। ਯਾਦ ਏ ਉਸਦਾ ਆਪਣੇ ਬੱਚਿਆਂ ਨੂੰ ਪੜ੍ਹਦਿਆਂ ਨਿਹਾਰਨਾ ਅਤੇ ਇਕ ਮਾਣਮੱਤਾ ਅਹਿਸਾਸ ਆਪਣੇ ਮਨ ਵਿਚ ਪੈਦਾ ਕਰਨਾ। ਕਾਲਜ ਵਿਚ ਪੜਦਿਆਂ ਬਾਪ ਗੱਡਾ ਵਾਹੁਣ ਕਾਰਨ ਬਹੁਤ ਸੁਵੱਖਤੇ ਹੀ ਸ਼ਹਿਰ ਨੂੰ ਤੁੱਰ ਪੈਂਦਾ ਸੀ। ਮੈਂ ਕਾਲਜ ਜਾਣ ਵੇਲੇ ਉਹਨਾਂ ਲਈ ਰੋਟੀ ਲੈ ਕੇ ਜਾਣਾ ਅਤੇ ਮੰਡੀ ਵਿਚ ਰੋਟੀ ਦੇ ਕੇ ਵਾਪਸ ਕਾਲਜ ਆਉਣਾ। ਉਹਨਾਂ ਦੀ ਤਾਕੀਦ ਹੁੰਦੀ ਸੀ ਕਿ ਜਲਦੀ ਵਾਪਸ ਜਾ ਤਾਂ ਕਿ ਕਾਲਜ ਤੋਂ ਲੇਟ ਨਾ ਹੋ ਜਾਵੀਂ। ਫਿਰ ਸਮਝਾਉਣਾ ਕਿ ਕਾਲਜ ਤੋਂ ਬਾਅਦ ਘਰ ਜਾ ਕੇ ਪੱਠੇ ਵੱਢ ਲੈਣਾ ਕਿਉਂਕਿ ਮੈਂ ਲੇਟ ਹੋ ਜਾਵਾਂਗਾ। ਸਮੇਂ ਦੀ ਸਹੀ ਅਤੇ ਸੁਲੱਗ ਵਰਤੋਂ ਅਤੇ ਇਸਨੂੰ ਸੁੱਚੀ ਕਿਰਤ ਦੇ ਲੇਖੇ ਲਾਉਣ ਦਾ ਗੁਰ, ਅਚੇਤ ਰੂਪ ਵਿਚ ਪਿਤਾ ਵਲੋਂ ਹੀ ਮਿਲਿਆ ਏ।

ਅੱਜ ਕੱਲ ਕਾਰ ਤੇ ਸਫ਼ਰ ਕਰਦਿਆਂ ਬਹੁਤ ਯਾਦ ਆਉਂਦਾ ਏ ਉਹ ਵਕਤ ਜਦ ਮੈਂ ਨੌਵੀਂ ਕਲਾਸ ਵਿਚ ਧਾਲੀਵਾਲ ਬੇਟ ਸਕੂਲ ਵਿਚ ਦਾਖਲਾ ਹੋਇਆ ਜੋ ਮੇਰੇ ਪਿੰਡ ਤੋਂ 3 ਮੀਲ ਦੂਰ ਸੀ। ਕੁਝ ਦਿਨ ਤਾਂ ਤੁੱਰ ਕੇ ਗਿਆ। ਫਿਰ ਪਤਾ ਨਹੀਂ ਬਾਪ ਦੇ ਮਨ ਵਿਚ ਕੀ ਆਇਆ ਕਿ ਉਸਨੇ ਮੇਰੇ ਲਈ ਪੁਰਾਣੇ ਸਾਈਕਲ ਦਾ ਜੁਗਾੜ ਬਣਾਇਆ। ਅਸਲ 'ਚ ਬਾਪ ਨੂੰ ਮੱਝਾਂ ਦੇ ਸੌਦੇ ਕਰਨ ਦਾ ਸ਼ੌਕ ਸੀ। ਇਕ ਸੌਦੇ ਵਿਚ ਉਹਨਾਂ ਨੇ ਮੱਝ ਸਮੇਤ ਇਕ ਪੁਰਾਣਾ ਰੇਡੀਓ ਵੀ ਲੈ ਲਿਆ ਸੀ। ਇਸ ਮੌਕੇ ਤੇ ਬਾਪ ਨੇ ਉਹ ਪੁਰਾਣਾ ਰੇਡੀਓ ਵੇਚ ਕੇ ਮੇਰੇ ਲਈ ਇਕ ਪੁਰਾਣਾ ਸਾਈਕਲ ਲੈ ਲਿਆ ਜਿਸ ਨਾਲ ਮੈਨੂੰ ਸਕੂਲ ਜਾਣਾ ਸੌਖਾ ਹੋ ਗਿਆ। ਬਾਪ ਦੀ ਸੋਚ ਨੂੰ ਸਿੱਜਦਾ ਕਿ ਉਸ ਲਈ ਬਾਕੀ ਗੱਲੋਂ ਨਾਲੋਂ ਬੱਚੇ ਦੀ ਪੜਾਈ ਜ਼ਿਆਦਾ ਪ੍ਰਮੁੱਖ ਸੀ।



ਜਦ ਮੈਂ ਕਪੂਰਥਲੇ ਕਾਲਜ ਵਿਚ ਦਾਖਲ ਹੋਇਆ ਤਾਂ ਉਹਨਾਂ ਵਲੋਂ ਦਿਤੇ ਨਵੇਂ ਐਟਲਸ ਸਾਈਕਲ ਦੇ ਸਾਥ ਨੇ ਜਿਥੇ ਮੈਨੂੰ ਆਪਣੀ ਔਕਾਤ ਨਾਲ ਜੋੜੀ ਰੱਖਿਆ, ਉਥੇ ਮੈਂ ਅਜੇਹੇ ਸਾਥੀਆਂ ਦੇ ਸਾਥ ਤੋਂ ਵੀ ਬੱਚਿਆ ਰਿਹਾ ਜਿਹਨਾਂ ਲਈ ਕਾਲਜ ਪੜਨਾ, ਇਕ ਸ਼ੁਗਲ ਦੀ ਜਗਾ ਸੀ। ਬਿਨਾਂ ਕੈਰੀਅਰ ਤੋਂ ਟੋਕਰੀ ਵਾਲੇ ਸਾਈਕਲ ਨੇ ਮੇਰੇ ਸੁਪਨਿਆਂ ਦੀ ਪੂਰਤੀ ਵਿਚ ਅਹਿਮ ਰੋਲ ਨਿਭਾਇਆ ਜਿਸ ਲਈ ਪਹਿਲਕਦਮੀ ਮੇਰੇ ਬਾਪ ਦੀ ਹੀ ਸੀ। ਸਿਰਫ਼ ਇਕ ਹੀ ਲਿੱਲਕ ਸੀ ਪੜਨਾ ਅਤੇ ਘਰ ਦੇ ਕੰਮਾਂ ਵਿਚ ਬਾਪ ਦਾ ਹੱਥ ਵਟਾਉਣਾ।

ਕਈ ਵਾਰ ਜਿੰਦਗੀ ਇਕ ਅਜੇਹੇ ਚੌਰਾਹੇ ਤੇ ਲਿਆ ਪਟਕਾਉਂਦੀ ਜਿਥੇ ਭਟਕਣ ਦੇ ਬਹੁਤ ਜ਼ਿਆਦਾ ਮੌਕੇ ਹੁੰਦੇ। ਇਹਨਾਂ ਮੌਕਿਆਂ ਤੇ ਸੰਭਲਣਾ ਅਤੇ ਆਪਣੇ ਟੀਚੇ ਦੀ ਪ੍ਰਮੁੱਖਤਾ ਨੂੰ ਬਣਾਈ ਰੱਖਣ ਲਈ ਬਾਪ ਦੀ ਸੇਧ ਅਤੇ ਉਸਦਾ ਸਹਿਯੋਗ ਬਹੁਤ ਜਰੂਰੀ ਹੁੰਦਾ। ਬਾਪ ਹੀ ਹੁੰਦਾ ਜੋ ਤੁਹਾਡੀ ਅਛਿਆਈ, ਚੰਗਿਆਈ, ਭਲਾ ਚਾਹੁੰਦਾ। ਅਜੇਹੇ ਮੋੜ 'ਤੇ ਉਸਦੀ ਸੋਚ ਨੂੰ ਸਲਾਮ ਕਰਨਾ ਬਣਦਾ। ਉਹ ਪਲ ਅੱਜ ਵੀ ਮੇਰੇ ਚੇਤਿਆਂ ਵਿਚ ਆਕੇ ਅੱਖਾਂ ਨਮ ਕਰ ਜਾਂਦਾ ਜਦ ਜੇਠ ਦੀ ਤਿੱਖੜ ਦੁਪਹਿਰੇ ਮੈਂ ਆਪਣੇ ਬਾਪ ਨਾਲ ਰੂੜੀ ਦਾ ਗੱਡਾ ਲੱਦਵਾ ਰਿਹਾ ਸੀ। ਮੇਰੇ ਦੋਸਤ ਨੇ ਦੱਸਿਆ ਕਿ ਤੂੰ ਗਿਆਰਵੀਂ ਵਿਚੋਂ ਫੇਲ੍ਹ ਹੋ ਗਿਆ ਏਂ। ਨਮੋਸ਼ੀ ਅਤੇ ਉਦਾਸੀ ਵਿਚ ਡੁੱਬਿਆ, ਮੈਂ ਬਾਪ ਸਾਹਵੇਂ ਅੱਖਾਂ ਉਤਾਂਹ ਕਰਕੇ ਵੀ ਨਹੀਂ ਸਾਂ ਦੇਖ ਸਕਦਾ। ਪਰ ਬਾਪ ਨੇ ਮੋਢਾ ਪਲੋਸੋਦਿਆਂ, ਹੱਲਾਸ਼ੇਰੀ ਦਿੰਦਿਆਂ ਤੇ ਹਮਦਰਦੀ ਨਾਲ ਮੈਨੂੰ ਕਿਹਾ ਕਿ ਤੂੰ ਕਿਹੜਾ ਬੁੱਢਾ ਹੋ ਗਿਆਂ? ਕੋਈ ਨਾ ਫਿਰ ਦਾਖਲ ਹੋ ਅਤੇ ਹੋਰ ਜੋਰ ਨਾਲ ਪੜਾਈ ਕਰੀਂ। ਅਗਲੇ ਸਾਲ ਪਾਸ ਹੋ ਜਾਵੇਂਗਾ। ਉਸ ਵਕਤ ਬਾਪ ਦੀਆਂ ਅੱਖਾਂ ਵਿਚ ਉਤਰੀ ਨਮੀ ਨੂੰ ਯਾਦ ਕਰਕੇ ਹੁਣ ਵੀ ਮਨ ਰੁਆਂਸਿਆ ਜਾਂਦਾ। ਇਸ ਨਮੀ ਦੀ ਹੀ ਕਸਮ ਸੀ ਕਿ ਮੇਰੇ ਸਿੱਲੇ ਹੋਏ ਸੁਪਨੇ ਅਤੇ ਤਿੱੜਕੀਆਂ ਤਮੰਨਾਵਾਂ ਨੇ ਫਿਰ ਤੋਂ ਪ੍ਰਵਾਜ਼ ਭਰਨ ਦਾ ਹੁੱਨਰ ਅਤੇ ਹਾਸਲ ਪ੍ਰਾਪਤ ਹੋਇਆ। ਉਸ ਮੋੜ ਤੇ ਮਿਲੀ ਹੋਈ ਰਹਿਨੁਮਾਈ ਨੇ ਮੇਰੇ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਦਿਤੇ। ਇਹਨਾਂ ਬਦਲੇ ਹੋਏ ਅਰਥਾਂ ਵਿਚਲੇ ਮੱਗਦੇ ਸੂਰਜਾਂ ਵਿਚ ਸਭ ਤੋਂ ਪ੍ਰਕਾਸ਼ਮਈ ਹੈ ਬਾਪ-ਰੂਪੀ ਸੂਰਜ ਜਿਸਦੇ ਚਾਨਣ ਵਿਚ ਰਾਹਾਂ ਨੂੰ ਰੌਸ਼ਨੀ ਅਤੇ ਥੰਮੇ ਹੋਏ ਪੈਰਾਂ ਨੂੰ ਪੈੜ ਅਤੇ ਸਫ਼ਰ ਨਸੀਬ ਹੋਇਆ।

ਬਾਪ ਅਣਪੜ ਹੋਣ ਦੇ ਬਾਵਜੂਦ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਅਤੇ ਉਤਮ ਵਿਚਾਰ, ਵਿਵਹਾਰ ਅਤੇ ਅਚਾਰ ਦੀ ਤਵੱਕੋਂ ਰੱਖਦਾ ਸੀ। ਹੁਣ ਵੀ ਚੇਤਿਆਂ ਵਿਚ ਸੁਖਨ ਅਤੇ ਖਲੱਲ ਪਾ ਜਾਂਦੀ ਏ ਉਸਦੀ ਸਾਫ਼ਗੋਈ ਤੇ ਸਿਆਣਪ ਦਾ ਜੀਵਨ-ਕਰਮਸ਼ੈਲੀ ਵਿਚ ਉਗਮਣਾ। 'ਕੇਰਾਂ ਮੇਰੇ ਕੋਲ ਰਾਤ ਠਹਿਰਿਆ ਅਤੇ ਸਵੇਰੇ ਉਠ ਕੇ ਕਹਿਣ ਲੱਗਾ ਕਿ ਤਿਆਰ ਹੋ, ਤਹਿਸੀਲੇ ਜਾਣਾ ਹੈ। ਕੰਮ ਬਾਰੇ ਕੁਝ ਨਾ ਦੱਸੇ। ਜਦ ਮੈਂ ਜੋਰ ਪਾਇਆ ਤਾਂ ਕਹਿਣ ਲੱਗਾ ਕਿ ਇਹਨਾਂ ਸਾਹਾਂ ਦਾ ਕੀ ਭਰੋਸਾ ਹੈ। ਮੈਂ ਆਪਣੇ ਵਲੋਂ ਤੁਹਾਡੇ ਲਈ ਵਸੀਹਤ ਕਰਨਾ ਚਾਹੁੰਦਾ ਹਾਂ ਤਾਂ ਕਿ ਭਵਿੱਖ ਵਿਚ ਕੋਈ ਬਖੇੜਾ ਨਾ ਖੜਾ ਹੋਵੇ। ਉਸਦੀ ਸੋਚ ਨੂੰ ਸਲਾਮ ਕੀਤਾ। ਮੈਂ ਸਮਝਾਇਆ ਕਿ ਤੁਸੀਂ ਬਹੁਤ ਤੰਦਰੁਸਤ ਹੋ। ਕੁਝ ਨਹੀਂ ਹੁੰਦਾ। ਆਪਾਂ ਫਿਰ ਬਣਵਾ ਲਵਾਂਗੇ ਵਸੀਅਤ। ਐਂਵੇਂ ਫਿਕਰ ਨਾ ਕਰੋ। ਵਸੀਅਤ ਦੀ ਲੋੜ ਨਹੀਂ, ਸਾਨੂੰ ਤਾਂ ਤੁਹਾਡੀ ਅਸ਼ੀਰਵਾਦ ਅਤੇ ਸੰਗਤ ਚਾਹੀਦੀ ਹੈ। ਹੁਣ ਸੋਚਦਾ ਹਾਂ ਕਿ ਬਾਪ ਕਿੰਨਾ ਸਿਆਣਾ ਸੀ ਕਿ ਭਰਾਵਾਂ ਵਿਚ ਕੋਈ ਬਦਮਗਜੀ ਨਾ ਪੈਦਾ ਹੋਵੇ। ਤਾਂ ਹੀ ਉਸਨੇ ਆਪਣੇ ਜਿਉਂਦੇ ਜੀਅ ਵਸੀਅਤ ਕਰਵਾਉਣ ਦੀ ਗੱਲ ਆਖੀ ਸੀ। ਬਾਪ ਤਾਂ ਤੁੱਰ ਗਿਆ, ਜਿੰਦਗੀ ਦਾ ਸੁੱਚਮ, ਸਾਦਗੀ, ਸੰਤੋਖ, ਸਾਧਨਾ ਤੇ ਸੁੱਖਨਤਾ ਕਮਾ ਅਤੇ ਬੱਚਿਆਂ ਨੂੰ ਜੀਵਨ ਦੀਆ ਸਾਰੀਆਂ ਨਿਆਨਤਾਂ ਬਕਸ਼। ਪਰ ਉਸਦੀ ਆਤਮਾ ਜਰੂਰ ਕੁਰਲਾਉਂਦੀ ਹੋਵੇਗੀ ਜਦ ਆਪਣਿਆਂ ਦੇ ਮਨਾਂ ਵਿਚ ਪੈਦਾ ਹੋਈ ਖੁਦਰਗਜੀ ਨੇ ਭਰਾਵਾਂ ਜੇਹੇ ਰਿਸ਼ਤੇ ਵੀ ਹਜ਼ਮ ਕਰ ਲਏ। ਬਾਪ ਦੀ ਬੇਖੁਦੀ, ਬੰਦਿਆਈ ਅਤੇ ਬੰਦਗੀ ਤੇ ਸਦਾ ਨਾਜ਼ ਰਹੇਗਾ ਅਤੇ ਯਾਦ ਰਹੇਗਾ ਉਹ ਪਲ ਜਦ ਉਸਨੇ ਆਪਣੇ ਆਖਰੀ ਫਰਜ਼ ਨੂੰ ਸਚਾਈ ਅਤੇ ਸੰਤੁਲਤਾ ਨਾਲ ਨਿਭਾਉਣ ਲਈ ਖੁਦ ਹੀ ਹਾਮੀ ਭਰੀ ਸੀ।

ਬਾਪ ਦੇ ਉਹਨਾਂ ਬੋਲਾਂ ਨੂੰ ਕਿਵੇਂ ਭੁਲਾਇਆ ਜਾ ਸਕਦਾ ਜਦ ਸ਼੍ਰੋਮਣੀ ਸਾਹਿਤਕਾਰ ਮਿਲਣ ਤੇ ਬਾਪ ਨੂੰ ਦੱਸਿਆ। ਬਾਪ ਬਹੁਤ ਖੁਸ਼ ਹੋਇਆ ਕਿ ਉਸਦੇ ਜਾਏ ਨੂੰ ਸਰਕਾਰ ਵਲੋਂ ਕੋਈ ਇਨਾਮ ਮਿਲੇਗਾ। ਪਰ ਉਸਦਾ ਮੋੜਵਾਂ ਪ੍ਰਸ਼ਨ ਸੀ ਕਿ ਹੁਣ ਤੂੰ ਇਹ ਇਨਾਮ ਲੈਣ ਲਈ ਕਦੋਂ ਪੰਜਾਬ ਆ ਰਿਹਾਂ? ਉਸਨੂੰ ਇਨਾਮ ਮਿਲਣ ਨਾਲੋਂ ਉਹ ਪਲ ਜ਼ਿਆਦਾ ਕੀਮਤੀ ਲੱਗਦੇ ਸਨ ਜਦ ਉਸਦਾ ਪੁੱਤ, ਸੱਤ ਸਮੁੰਦਰੋਂ ਪਾਰ ਇਸ ਇਨਮਾਨ ਲੈਣ ਦੇ ਬਹਾਨੇ ਘਰ ਪਰਤੇਗਾ ਅਤੇ ਬਾਪ ਦੇ ਸੀਨੇ ਵਿਚ ਠੰਢ ਪਾਵੇਗਾ। ਇਹੋ ਜਿਹੀ ਪਾਕੀਜ਼ਗੀ, ਨਿਰਛੱਲਤਾ, ਅਤੇ ਆਪਣੇਪਣ ਨੂੰ ਸੀਮਤ ਜਹੇ ਸ਼ਬਦਾਂ ਅਤੇ ਬੋਲਾਂ ਵਿਚ ਤੁਸੀਂ ਕਿਵੇਂ ਉਲਥਾ ਸਕਦੇ ਹੋ? ਇਸਦੀ ਅਮੁੱਲਤਾ ਨੂੰ ਸਿਰਫ਼ ਉਹੀ ਕਿਆਸਦਾ ਜਿਸਨੇ ਇਹਨਾਂ ਪਲਾਂ ਨੂੰ ਜੀਵਿਆ ਹੋਵੇ ਅਤੇ ਇਸਦੀ ਜੀਵੰਤਤਾ ਨੂੰ ਜੀਵਨ ਦਾ ਹਿੱਸਾ ਬਣਾਇਆ ਹੋਵੇ।

ਬਾਪ ਦੇ ਆਖਰੀ ਬੋਲ, ਹੁਣ ਵੀ ਮੇਰੀ ਰੂਹ ਵਿਚ ਝਰਨਾਹਟ ਛੇੜਦੇ, ਕੰਬਣੀ ਲਿਆ ਦਿੰਦੇ ਨੇ। ਉਹਨਾਂ ਦੇ ਦਿਮਾਗ ਦੀ ਨਾੜੀ ਫੱਟਣ ਤੋਂ ਇਕ ਦਿਨ ਪਹਿਲਾਂ ਉਹਨਾਂ ਨਾਲ ਬਹੁਤ ਸਾਰੀਆਂ ਗੱਲਾਂ ਕੀਤੀਆਂ। ਉਹ ਮੇਰੇ ਛੋਟੇ ਭਰਾ ਦੇ ਵਿਦੇਸ਼ ਜਾਣ ਅਤੇ ਵਾਅਦੇ ਮੁਤਾਬਕ ਜਲਦੀ ਵਾਪਸ ਨਾ ਪਰਤਣ ਤੋਂ ਬਹੁਤ ਖ਼ਫ਼ਾ ਤੇ ਉਦਾਸ ਸਨ ਅਤੇ ਉਸਨੂੰ ਅਵਾ-ਤਵਾ ਵੀ ਬੋਲ ਰਹੇ ਸਨ। ਜਦ ਮੈਂ ਕਿਹਾ ਕਿ ਮੈਂ ਆ ਜਾਂਦਾ ਹਾਂ ਤਾਂ ਉਸਨੇ ਕਿਹਾ ਤੂੰ ਉਸਨੂੰ ਕਿਵੇਂ ਨਾ ਕਿਵੇਂ ਜਲਦੀ ਭੇਜ। ਤੇਰੇ ਆਉਣ ਦੀ ਲੋੜ ਨਹੀਂ। ਮੈਂ ਦੱਸਿਆ ਕਿ ਮੈਂ ਗਰਮੀਆਂ ਦੀਆਂ ਛੁੱਟੀਆਂ ਵਿਚ ਡੇਢ ਕੁ ਮਹੀਨੇ ਤੀਕ ਅਵਾਂਗਾ ਅਤੇ ਦੋ-ਢਾਈ ਮਹੀਨੇ ਰਹਾਂਗਾ। ਉਹ ਬਹੁਤ ਖੁਸ਼ ਹੋਇਆ ਅਤੇ ਕਹਿਣ ਲੱਗਾ ਕਿ ਫਿਰ ਤਾਂ ਸਿਰਫ਼ ਡੇਢ ਕੁ ਮਹੀਨਾ ਹੀ ਰਹਿ ਗਿਆ ਤੇਰੇ ਆਉਣ ਵਿਚ। ਉਸਨੇ ਖੁਸ਼ੀ ਖੁਸ਼ੀ ਆਪਣੀਆਂ ਪੋਤਰੀਆਂ ਅਤੇ ਉਹਨਾਂ ਦੇ ਬੱਚਿਆਂ ਨੂੰ ਅਸੀਸਾਂ ਦਿੰਦਿਆਂ ਫੋਨ ਬੰਦ ਕੀਤਾ। ਬੜੀ ਚੰਗੀ ਤਰ੍ਹਾਂ ਚੇਤੇ ਆ, ਬੇਸੁੱਧ ਬਾਪ ਵਲੋਂ ਆਖਰੀ ਹਰਕੋਰਾ ਭਰਨ ਤੋਂ ਪਹਿਲਾਂ ਅੱਖਾਂ ਖੋਲ ਕੇ ਮੰਜੇ ਦੀ ਬਾਹੀ ਬੈਠੇ ਆਪਣੇ ਪੁੱਤ ਨੂੰ ਨਿਹਾਰਨਾ, ਅਤੇ ਫਿਰ ਹੌਲੀ ਜਹੇ ਆਖਰੀ ਸਫ਼ਰ ਨੂੰ ਤੁੱਰ ਜਾਣਾ।

ਖਾਮੋਸ਼ੀ ਵਿਚ ਡੁੱਬ ਗਈ ਬਾਪ ਦੇ ਸਾਹਾਂ ਦੀ ਬਰਕਤ, ਉਸਦੀ ਹੋਂਦ ਦਾ ਹਾਸਲ ਅਤੇ ਉਸਦੀਆਂ ਦੁਆਵਾਂ ਤੇ ਰਹਿਮਤਾਂ ਦੀ ਰੂਹ-ਰੰਗਤਾ। ਉਸਦੀਆਂ ਬੋਲਾਂ ਵਿਚਲਾ ਠਰੰਮਾ ਅਤੇ ਔਲਾਦ ਨੂੰ ਉਚਤਮ ਤਰਜ਼ੀਹਾਂ ਦੇਣ ਦੀ ਤਮੰਨਾ। ਬਾਪ ਤਾਂ ਚਲੇ ਗਿਆ ਦੂਰ ਦੇ ਸਫ਼ਰ 'ਤੇ ਜਿਥੋਂ ਕੋਈ ਨਹੀਂ ਪਰਤਦਾ। ਪਰ ਉਸਦੀਆਂ ਯਾਦਾਂ ਦਾ ਕਾਫ਼ਲਾ ਹਰ ਦਮ ਨਾਲ ਰਹਿੰਦਾ। ਉਹਨਾਂ ਪਲਾਂ ਦੀ ਅਸੀਮਤਾ ਮੇਰੀ ਝੋਲੀ ਪਾਉਂਦਾ ਅਤੇ ਜ਼ਿੰਦਗੀ ਦੇ ਸੁੱਚਮ ਅਤੇ ਉਤਮਤਾ ਨੂੰ ਹਰ ਸਾਕ ਦੇ ਨਾਮ ਲਾਉਣ ਦਾ ਸੰਦੇਸ਼ ਦਿੰਦਾ, ਮੇਰੇ ਸਦਾ ਹੀ ਅੰਗ ਸੰਗ ਰਹਿੰਦਾ ਹੈ। ਬਾਪ ਜਾ ਕੇ ਵੀ ਕਿਧਰੇ ਨਹੀਂ ਗਿਆ। ਸਗੋਂ ਸਦਾ ਹੀ ਮੇਰੀ ਸੋਚ, ਸਾਧਨਾ ਤੇ ਸਿਰੜ ਵਿਚ ਸਮਾਇਆ, ਮੇਰੇ ਸੁਪਨਿਆਂ ਦੀ ਤਕਦੀਰ ਤੇ ਤਸਵੀਰ ਹੈ।

ਬਾਪ ਨੂੰ ਯਾਦ ਕਰਦਿਆਂ ਕਲਮ ਨਾਦ ਵਿਚ ਗਾਉਣ ਲੱਗੀ:

ਸੁਪਨਿਆਂ ਦੇ ਲੰਗਾਰ ਸਿਉਂਦਾ
ਬਾਪੂ ਉਮਰ ਗੁਜਾਰ ਗਿਆ
ਬੱਚਿਆਂ ਮੱਥੇ ਜਿੱਤਾਂ ਲਿਖਦਾ
ਖੁਦ ਦੀ ਬਾਜੀ ਹਾਰ ਗਿਆ।

ਬਾਪੂ ਖੇਤੀਂ ਰਿਹਾ ਬੀਜਦਾ
ਧਰਮ ਤੇ ਧਰਵਾਸ ਜੇਹਾ
ਪਰ ਖੇਤਾਂ ਦੇ ਵਿਚ ਉਗਿਆ
ਕੁਰਕੀ, ਸਲਫ਼ਾਸ ਜੇਹਾ
ਫਸਲਾਂ ਦਾ ਦੁੱਖ ਜਰ ਨਾ ਸਕਿਆ
ਭਾਵੇਂ ਸਾਰੇ ਦੁੱਖ ਸਹਾਰ ਗਿਆ।

ਡਿਗਦੀ ਛੱਤ ਲਈ ਥੰਮੀ ਵਾਂਗੂੰ
ਸ਼ਾਂਤ, ਸਹਿਜ, ਅਡੋਲ ਰਿਹਾ
ਥੁੱੜਾਂ-ਲੋੜਾਂ ਦਾ ਭੰਨਿਆ ਹੋਇਆ
ਮੂੰਹੋਂ ਸਦਾ ਅਬੋਲ ਰਿਹਾ

ਗੁਰਬਤ ਭੰਨੇ ਪਰਿਵਾਰ ਦੀ ਬੇੜੀ
ਕਰ ਮੰਝਧਾਰੋਂ ਪਾਰ ਗਿਆ।

ਮੋਢੇ ਪੱਲੀ ਤੇ ਹੱਥ 'ਚ ਰੰਬਾ
ਲੱਗਦਾ ਸੀ ਮਸਤ ਫ਼ਕੀਰ ਜੇਹਾ
ਸੁੱਚੀ ਕਿਰਤ ਦੀ ਅੱਧੀ ਖਾਕੇ
ਸੀ ਉਹ ਅਜ਼ਲ ਅਮੀਰ ਜੇਹਾ
ਪੈੜਾਂ ਪਾਈਆਂ ਫੁੱਲਾਂ ਜੇਹੀਆਂ
ਨਾ ਧਰਤੀ ਤੇ ਭਾਰ ਰਿਹਾ।

ਕੋਰਾ ਅਣਪੜ ਬਾਪੂ ਮੇਰਾ
ਅੱਖਰਾਂ ਦਾ ਮੋਹ ਕਰਦਾ ਸੀ
ਸਿੱਧੀਆਂ-ਸਾਦੀਆਂ ਗੱਲਾਂ ਵਿਚੋਂ
ਗੂੜ-ਗਿਆਨ ਝਰਦਾ ਸੀ
ਮੇਰੇ ਹੱਥ 'ਚ ਕਲਮ ਫੜਾ ਕੇ
ਹੱਲ ਦਾ ਕਰਜ਼ ਉਤਾਰ ਗਿਆ।

ਬਾਪ ਮਰ ਕੇ ਕਦੇ ਵੀ ਨਹੀਂ ਮਰਦਾ। ਉਹ ਤਾਂ ਆਪਣੀ ਔਲਾਦ ਵਿਚ ਸਦਾ ਜਿਉਂਦਾ ਰਹਿੰਦਾ।

# ਸਰਵੇ ਪਿੱਛੋਂ ਹੀ ਫੈਸਲਾ, ਹਾਈਕਮਾਂਡ ਜੋ ਫੈਸਲਾ ਲਵੇਗੀ, ਉਹ ਪੰਜਾਬ ਦੇ ਸਾਰੇ ਕਾਂਗਰਸੀਆਂ ਨੂੰ ਮੰਨਣਾ ਪਵੇਗਾ

ਚੰਡੀਗੜ੍ਹ, 17 ਜੂਨ (ਪੋਸਟ ਬਿਊਰੋ)- ਕਾਂਗਰਸ ਦੇ ਕਾਟੋ-ਕਲੇਸ਼ ਬਾਰੇ ਨਵਾਂ ਮੋੜ ਆ ਗਿਆ ਹੈ। ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਆਉਣ ਪਿੱਛੋਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਪੰਜਾਬ ਵਿੱਚ ਨਿਰਪੱਖ ਸਰਵੇ ਕਰਵਾ ਰਹੀ ਹੈ। ਇਸ ਸਰਵੇ ਦੀ ਰਿਪੋਰਟ ਆਉਣ ਤੋਂ ਬਾਅਦ ਪਾਰਟੀ ਹਾਈਕਮਾਂਡ ਆਖਰੀ ਫੈਸਲਾ ਲਵੇਗੀ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਸਰਵੇ ਆਗੂ ਦੀ ਲੋਕਪ੍ਰਿਅਤਾ ਬਾਰੇ ਕਰਵਾਇਆ ਜਾ ਰਿਹਾ ਹੈ ਜਾਂ ਸਰਕਾਰ ਦੇ ਕੰਮਕਾਜ ਬਾਰੇ, ਪਰ ਇਹ ਤੈਅ ਹੈ ਕਿ ਸਰਵੇ ਦੀ ਰਿਪੋਰਟ ਉੱਤੇ ਬਹੁਤ ਕੁਝ ਨਿਰਭਰ ਹੋਵੇਗਾ ਕਿ ਕਾਂਗਰਸ ਹਾਈਕਮਾਂਡਨੇ ਕੀ ਕਦਮ ਉਠਾਏ। ਓਧਰ ਕਾਂਗਰਸ ਦੇ ਜਨਰਲ ਸੈਕਟਰੀ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਾਜੇਸ਼ ਰਾਵਤ ਨੇ ਇਸ ਗੱਲ ਦੇ ਸੰਕੇਤ ਦਿੱਤੇ ਹਨ ਕਿ ਜੁਲਾਈ ਦੇ ਪਹਿਲੇ ਹਫਤੇ ਤਕ ਹੀ ਪਾਰਟੀ ਹਾਈਕਮਾਂਡ ਕੋਈ ਫੈਸਲਾ ਸੁਣਾਏਗੀ।

ਇਸ ਦੌਰਾਨਪੰਜਾਬ ਕਾਂਗਰਸ ਦੇ ਕੇਂਦਰ ਵੱਲੋਂ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਹੈ ਕਿ ਆਖਰੀ ਫੈਸਲਾ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੇ ਲੈਣਾ ਹੈ।



ਪੰਜਾਬ ਦੇ ਬਾਰੇ ਪਾਰਟੀ ਹਾਈ ਕਮਾਂਡ ਕਦੋਂ ਤਕ ਫੈਸਲਾ ਲਵੇਗੀ, ਇਸ ਸਬੰਧੀ ਉਹ ਕਹਿੰਦੇ ਹਨ ਕਿ ਜਦੋਂ ਬਾਰਸ਼ ਹੋਣੀ ਸ਼ੁਰੂ ਹੋ ਜਾਵੇਗੀ ਤਾਂ ਪਾਰਟੀ ਫੈਸਲਾ ਲੈ ਲਵੇਗੀ, ਕਿਉਂਕਿ ਉਦੋਂ ਤਕ ਗਰਮੀ ਵੀ ਘੱਟ ਹੋ ਜਾਵੇਗੀ। ਹਰੀਸ਼ ਰਾਵਤ ਦੇ ਇਸ ਕਥਨ ਤੋਂ ਸੰਕੇਤ ਮਿਲਦੇ ਹਨ ਕਿ ਜੁਲਾਈ ਦੇ ਪਹਿਲੇ ਹਫਤੇ ਤਕ ਕੋਈ ਫੈਸਲਾ ਆ ਸਕਦਾ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਨਵਜੋਤ ਸਿੰਘ ਸਿੱਧੂ ਡਿਪਟੀ ਮੁੱਖ ਮੰਤਰੀ ਬਣ ਕੇ ਕੈਪਟਨ ਅਮਰਿੰਦਰ ਸਿੰਘ ਨਾਲ ਕੰਮ ਕਰਨਗੇ ਤਾਂ ਰਾਵਤ ਨੇ ਕਿਹਾ ਕਿ ਸਿੱਧੂ ਹੀ ਨਹੀਂ, ਪੰਜਾਬ ਦੇ ਪਹਿਲੇ ਨੰਬਰ ਤੋਂ ਲੈ ਕੇ 10ਵੇਂ ਨੰਬਰ ਤਕ ਦੇ ਆਗੂਆਂ ਨੂੰ ਉਹੀ ਕਰਨਾ ਪਵੇਗਾ, ਜੋ ਪਾਰਟੀ ਹਾਈ ਕਮਾਂਡਕਹੇਗੀ। ਉਨ੍ਹਾਂ ਕਿਹਾ ਕਿ ਜੇ ਕੋਈ ਆਗੂ ਪਾਰਟੀ ਦੇ ਦਮ ਉੱਤੇ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸ ਨੂੰ ਪਾਰਟੀ ਦੇ ਫੈਸਲੇ ਨਾਲ ਹੀ ਚੱਲਣਾ ਪਵੇਗਾ।

# ਭਾਜਪਾ ਵੱਲੋਂ ਰਵਨੀਤ ਸਿੰਘ ਬਿੱਟੂ ਖ਼ਿਲਾਫ਼ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਸ਼ਿਕਾਇਤ

ਚੰਡੀਗੜ੍ਹ, 17 ਜੂਨ (ਪੋਸਟ ਬਿਊਰੋ)- ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਿੱ-ਚਇਸ ਰਾਜ ਦੇ ਦਲਿਤ ਵਿਦਿਆਰਥੀਆਂ ਦੇ ਸਕਾਲਰਸ਼ਿਪ ਮੁੱਦੇ ਅਤੇ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ ਦੀਆਂ ਸੀਟਾਂ ਲਈ ਦਲਿਤਾਂ ਬਾਰੇ ਦਿੱਤੇ ਬਿਆਨ ਉੱਤੇ ਭਾਜਪਾ ਵਫ਼ਦ ਨੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਤੱਕ ਪਹੁੰਚ ਕੀਤੀ ਹੈ।

ਇਸ ਮੌਕੇ ਭਾਜਪਾ ਦੇ ਵਫ਼ਦ ਨੇ ਪੰਜਾਬ ਸਰਕਾਰ ਵੱਲੋਂ ਦਲਿਤ ਵਿਦਿਆਰਥੀਆਂ ਦੀ ਵਜ਼ੀਫਾ ਰਾਸ਼ੀ ਜਾਰੀ ਕਰਨ ਲਈ ਕਮਿਸ਼ਨ ਨੂੰ ਦਖ਼ਲ ਦੇਣ ਲਈ ਮੰਗ ਪੱਤਰ ਵੀ ਵਿਜੇ ਸਾਂਪਲਾ ਨੂੰ ਸੌਂਪਿਆ। ਵਫ਼ਦ ਵਿੱਚ ਇਸ ਸੰਗਠਨ ਦੇ ਜਨਰਲ ਸੈਕਟਰੀ ਦਿਨੇਸ਼ ਕੁਮਾਰ, ਪ੍ਰਦੇਸ਼ ਭਾਜਪਾ ਦੇ ਜਨਰਲ ਸੈਕਟਰੀ ਜੀਵਨ ਗੁਪਤਾ, ਡਾ. ਸੁਭਾਸ਼ ਸ਼ਰਮਾ, ਸੂਬਾ ਮੀਤ ਪ੍ਰਧਾਨ ਰਾਜੇਸ਼ ਬਾਘਾ ਮੌਜੂਦ ਸਨ। ਅਸ਼ਵਨੀ ਸ਼ਰਮਾ ਨੇ ਵਿਜੇ ਸਾਂਪਲਾ ਤੋਂ ਮੰਗ ਕੀਤੀ ਕਿ ਉਹ ਇਸ ਵਿਸ਼ੇ ਦੇ ਨਾਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਦਲਿਤਾਂ ਦੀਆਂ ਭਾਵਨਾਵਾਂ ਨਾਲ ਹੋ ਖਿਲਵਾੜ ਕੀਤਾ ਹੈ, ਉਸ ਬਾਰੇ ਵੀ ਇਹ ਕਮਿਸ਼ਨ ਕਾਰਵਾਈ ਕਰੇ। ਵਿਜੇ ਸਾਂਪਲਾ ਨੇ ਵਫ਼ਦ ਵੱਲੋਂ ਦਿੱਤੇ ਦੋਵਾਂਕੇਸਾਂ ਦੀ ਗੰਭੀਰਤਾ ਨੂੰ ਸਮਝਦੇ ਹੋਏ ਤੁਰੰਤ ਪ੍ਰਭਾਵ ਨਾਲ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ ਹੈ।

# ਕੈਪਟਨ ਅਮਰਿੰਦਰ ਦੇ ਫਾਰਮ ਹਾਊਸ ਦੇ ਘਿਰਾਓ ਮੌਕੇ ਚੰਦੂਮਾਜਰਾ ਦੀ ਗ਼ੈਰ-ਹਾਜ਼ਰੀ ਤੋਂ ਚਰਚਾ ਛੇੜੀ

ਐਸ ਏ ਐਸ ਨਗਰ, 17 ਜੂਨ (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਸਰਕਾਰ ਦੇ ਖ਼ਿਲਾਫ਼ ਵੱਖ-ਵੱਖ ਮੁੱਦਿਆਂ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ ਮੁੱਖ ਮੰਤਰੀ ਅਮਰਿੰ-ਦਰ ਸਿੰਘ ਦੇ ਫਾਰਮ ਹਾਊਸ ਦਾ ਘਿਰਾਓ ਕਰਨ ਮੌਕੇ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਦੀ ਗ਼ੈਰ-ਹਾਜ਼ਰੀ ਨੇ ਨਵੀਂ ਚਰਚਾ ਛੇੜ ਦਿੱਤੀ ਹੈ।



ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਪ੍ਰੇਮ ਸਿੰਘ ਚੰਦੂਮਾਜਰਾ ਅਕਾਲੀ-ਬਸਪਾ ਗਠਜੋੜ ਤੋਂ ਨਰਾਜ਼ ਹੋਏ ਹਨ, ਕਿਉਂਕਿ ਉਹ ਹਲਕਾ ਐਸ ਏ ਐਸ ਨਗਰ ਦੀ ਸੀਟ ਤੋਂ ਖੁਦ ਚੋਣ ਲੜਨ ਦੇ ਇੱਛੁਕ ਸਨ, ਪਰ ਇਹ ਸੀਟ ਬਸਪਾ ਨੂੰ ਦੇ ਦਿੱਤੀਗਈ ਹੈ। ਮਿਲੀ ਜਾਣਕਾਰੀ ਅਨੁਸਾਰ ਚੰਦੂਮਾਜਰਾ ਨੇ ਪਹਿਲਾਂ ਹਾਈਕਮਾਂਡ ਤੋਂ ਘਨੌਰ ਹਲਕੇ ਤੋਂ ਚੋਣ ਲੜਨ ਦੀ ਹਾਮੀ ਭਰਵਾਈ ਸੀ, ਪਰ ਘਨੌਰ ਤੋਂ ਅਕਾਲੀ ਦਲ ਦੇ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਅਜੈਬ ਸਿੰਘ ਮੁਖਮੈਲਪੁਰ ਅਤੇ ਉਨ੍ਹਾਂ ਪਤਨੀ ਹਰਪ੍ਰੀਤ ਕੌਰ ਮੁਖਮੈਲਪੁਰ ਸਾਬਕਾ ਵਿਧਾਇਕ ਟਿਕਟ ਦੇ ਦਾਅਵੇਦਾਰ ਹਨ ਤੇ ਸੰਯੁਕਤ ਅਕਾਲੀ ਦਲ ਵੱਲੋਂ ਤੇਜਿੰਦਰਪਾਲ ਸਿੰਘ ਸੰਧੂ ਸਾਬਕਾ ਚੇਅਰਮੈਨ ਐਸ ਐਸ ਬੋਰਡ ਪੰਜਾਬ ਦੇ ਨਾਲ ਇੰਟਰਨੈਸ਼ਨਲ ਕਬੱਡੀ ਖ਼ਿਡਾਰੀ ਗੁਰਲਾਲ ਸਿੰਘ ਘਨੌਰ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਕਾਰਨ ਹਾਲਾਤ ਬਦਲ ਗਏ ਹਨ। ਇਸ ਹਲਕੇ ਦੀ ਬਹੁਤੀ ਨੌਜਵਾਨ ਵੋਟ ਕਬੱਡੀ ਖ਼ਿਡਾਰੀ ਗੁਰਲਾਲ ਸਿੰਘ ਦੇ ਨਾਲ ਜਾਪਦੀ ਹੈ। ਇਸ ਤੋਂ ਇਲਾਵਾ ਚੰਦੂਮਾਜਰਾ ਦਾ ਭਾਣਜਾ ਹਰਵਿੰਦਰ ਸਿੰਘ ਹਰਪਾਲਪੁਰ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਪਟਿਆਲਾ,ਵੀ ਘਨੌਰ ਤੋਂ ਟਿਕਟ ਦਾ ਚਾਹਵਾਨ ਹੈ। ਇਸ ਹਲਕੇ ਵਿੱਚ ਕਾਂਗਰਸ ਅੰਦਰ ਧੜੇਬੰਦੀ ਨਾ ਹੋਣ ਅਤੇ ਬਦਲੇ ਹੋਏ ਸਮੀਕਰਨਾਂ ਦੇ ਕਾਰਨ ਚੰਦੂਮਾਜਰਾ ਨੂੰ ਮੁਹਾਲੀ ਹਲਕੇ ਦੀ ਸੀਟ ਸੁਰੱਖਿਅਤ ਲੱਗਦੀ ਸੀ, ਜੋ ਬਸਪਾ ਦੀ ਝੋਲੀ ਪੈ ਚੁੱਕੀ ਹੈ।

# ਕੈਪਟਨ ਅਮਰਿੰਦਰ ਦੇ ਵਿਰੁੱਧ ਨਕਲੀ 'ਪੀ ਕੇ' ਸਿਆਸੀ ਆਗੂਆਂ ਨੂੰ ਭੜਕਾਉਂਦਾ ਰਿਹਾ

*** ਪੁਲਸ ਜਾਂਚ ਵਿੱਚ ਲੋਕੇਸ਼ਨ ਟ੍ਰੇਸ ਹੋਣ ਪਿੱਛੋਂ ਕਾਰਵਾਈ**

ਲੁਧਿਆਣਾ, 17 ਜੂਨ (ਪੋਸਟ ਬਿਊਰੋ)- ਸਿਆਸੀ ਰਣਨੀਤੀਕਾਰ ਤੇ ਮੁੱਖ ਮੰਤਰੀ ਪੰਜਾਬ ਦੇ ਪ੍ਰਮੁੱਖ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ (ਪੀ ਕੇ) ਦਾ ਨਾਂਅ ਵਰਤ ਕੇ ਕਾਂਗਰਸੀ ਆਗੂਆਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਭੜਕਾਉਣ ਦੇ ਦੋਸ਼ ਵਿੱਚ ਪੰਜਾਬ ਪੁਲਸ ਨੇ ਏਥੋਂ ਦੇ ਥਾਣਾ ਡਵੀਜ਼ਨ ਨੰਬਰ ਛੇ ਵਿੱਚ ਅਣਪਛਾਤੇ ਲੋਕਾਂ ਵਿਰੁੱਧ ਕੇਸ ਦਰਜ ਕਰ ਕੇ ਨਕਲੀ 'ਪੀ ਕੇ' ਦੀ ਭਾਲ ਸ਼ੁਰੂ ਕਰ ਦਿੱਤੀ ਹੈ, ਜਿਸ ਤੋਂ ਹਰ ਕੋਈ ਹੈਰਾਨ ਹੈ। ਥਾਣਾ ਨੰਬਰ ਛੇ ਦੇ ਮੁਖੀ ਇੰਸਪੈਕਟਰ ਅਮਨਦੀਪ ਬਰਾੜ ਨੇ ਦੱਸਿਆ ਕਿ ਪੁਲਸ ਨੂੰ ਪਤਾ ਲੱਗਾ ਹੈ ਕਿ ਅਪਰਾਧੀ ਅਨਸਰਾਂ ਨੇ ਗੈਂਗ ਬਣਾਇਆ ਹੈ, ਜਿਨ੍ਹਾਂ ਵਿੱਚੋਂ ਇੱਕ ਜਣਾ ਬੀਤੇ ਹਫਤੇ ਤੋਂ ਸਿਆਸੀ ਆਗੂਆਂਅਤੇ ਚੁਣੇ ਪ੍ਰਤੀਨਿਧਾਂ ਨੂੰ ਫੋਨ ਕਰ ਕੇ ਆਪਣੇ ਆਪ ਨੂੰ ਪ੍ਰਸ਼ਾਂਤ ਕਿਸ਼ੋਰ ਦੱਸ ਕੇ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਸਖਤ ਬਿਆਨ ਦੇਣ ਦੇ ਲਈ ਆਖਦਾ ਰਿਹਾ ਸੀ। ਏਦਾਂ ਹੀ ਕੁਝ ਚੁਣੇ ਪ੍ਰਤੀਨਿਧਾਂ ਵੱਲੋਂ ਦਿੱਲੀ ਵਿੱਚ



ਕਾਂਗਰਸੀ ਲੀਡਰਸ਼ਿਪ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸ਼ਿਕਾਇਤ ਲਾਉਣ ਦਾ ਮਾਮਲਾ ਸਾਹਮਣੇ ਆਇਆ ਸੀ।ਥਾਣਾ ਇੰਚਾਰਜ ਦੇ ਮੁਤਾਬਕ ਗਿਰੋਹ ਦੇ ਬੰਦੇ ਸਿਆਸਤਦਾਨਾਂ ਨੂੰ ਕਹਿ ਰਹੇ ਸਨ ਕਿ ਇਸ ਕੰਮ ਬਦਲੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਟਿਕਟ ਅਤੇ ਉਚਾ ਅਹੁਦਾ ਮਿਲ ਸਕਦਾ ਹੈ। ਜਾਂਚ ਦੌਰਾਨ ਪਤਾ ਲੱਗਾ ਕਿ ਇਹ ਅਨਸਰ ਦਿੱਲੀ ਰੋਡ ਉੱਤੇ ਸ਼ੇਰਪੁਰ ਚੌਂਕੀ ਨੇੜਲੇ ਹਲਕੇ ਵਿੱਚ ਸਰਗਰਮ ਹਨ। ਇਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਨਕਲੀ 'ਪੀਕੇ' ਵੱਲੋਂ ਕਾਂਗਰਸੀ ਆਗੂਆਂ ਨੂੰ ਫੋਨ ਕਰ ਕੇ ਲੀਡਰਸ਼ਿਪ ਵਿਰੁੱਧ ਭੜਕਾਉਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ, ਇਸ ਤੋਂ ਪਹਿਲਾਂ ਵੀ ਕਈ ਅਨਸਰ ਨਕਲੀ 'ਪੀ ਕੇ' ਬਣ ਕੇ ਕਾਂਗਰਸ ਦੇ ਸਾਬਕਾ ਵਿਧਾਇਕਾਂ ਅਤੇ ਸਾਬਕਾ ਮੰਤਰੀਆਂ ਨੂੰ ਫੋਨ ਕਰ ਕੇ ਮੁੱਖ ਮੰਤਰੀ ਵਿਰੁੱਧ ਬਿਆਨ ਦੇਣ ਅਤੇ ਬਗਾਵਤ ਕਰਨ ਲਈ ਭੜਕਾਉਂਦੇ ਰਹੇ ਹਨ। ਓਦੋਂ ਸਾਬਕਾ ਵਿਧਾਇਕ ਨਾਲ ਸੌਦਾ ਤੈਅ ਹੋਇਆ ਤਾਂ ਇਨ੍ਹਾਂ ਨੂੰ ਹੋਟਲ ਵਿੱਚ ਸੱਦਿਆ ਗਿਆ ਸੀ, ਪਰ ਇਹ ਗੈਂਗ ਹੋਟਲ ਵਿੱਚ ਨਹੀਂ ਸੀ ਪੁੱਜਾ।

# ਕਰੋੜਾਂ ਰੁਪਏ ਦੀ ਠੱਗੀ ਮਾਰਨ ਵਾਲੀ ਕੰਪਨੀ ਦੇ ਖਿਲਾਫ ਰੋਸ ਮਾਰਚ

ਗੁਰਦਾਸਪੁਰ, 17 ਜੂਨ (ਪੋਸਟ ਬਿਊਰੋ)- ਆਮ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰਨ ਵਾਲੀ ਕਿਮ ਕੰਪਨੀ ਦੇ ਪੰਜ ਵਿਅਕਤੀਆਂ ਖਿਲਾਫ ਕੇਸ ਦਰਜ ਹੋਣ ਪਿੱਛੋਂ ਪੁਲਸ ਨੇ ਕੁਝ ਦਿਨ ਪਹਿਲਾਂ ਕੰਪਨੀ ਦੇ ਡਾਇਰੈਕਟਰ ਗੁਰਦੀਪ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਕੱਲ੍ਹ ਉਸ ਦਾ ਤਿੰਨ ਦਿਨਾਂ ਪੁਲਸ ਰਿਮਾਂਡ ਖਤਮ ਹੋਣ ਪਿੱਛੋਂ ਉਸ ਨੂੰ ਅਦਾਲਤ ਪੇਸ਼ ਕੀਤਾ ਗਿਆ ਤਾਂ ਪੁਲਸ ਨੇ ਫਿਰ ਤਿੰਨ ਦਿਨਾਂ ਦਾ ਰਿਮਾਂਡ ਲੈ ਲਿਆ। ਇਸ ਦੌਰਾਨ ਕਿਮ ਕੰਪਨੀ ਵੱਲੋਂ ਠੱਗੇ ਗਏ ਸੈਂਕੜੇ ਲੋਕ ਇਸ ਕੇਸ ਦੀ ਜਾਣਕਾਰੀ ਮਿਲਣ ਉੱਤੇ ਅਦਾਲਤ ਕੰਪਲੈਕਸ ਵਿੱਚ ਇਕੱਠੇ ਹੋਏ ਅਤੇ ਕੰਪਨੀ ਦੇ ਮਾਲਕ ਅਤੇ ਹੋਰਨਾਂ ਵਿਰੁੱਧ ਨਾਅਰੇਬਾਜ਼ੀ ਕਰਨ ਦੇ ਨਾਲ ਉਨ੍ਹਾਂ ਨੇ ਸ਼ਹਿਰ ਵਿੱਚ ਵੀ ਰੋਸ ਮਾਰਚ ਕੀਤਾ।

ਵਰਨਣ ਯੋਗ ਹੈ ਕਿ ਬੀਤੀ 21 ਅਪ੍ਰੈਲ ਨੂੰ ਸਰਬਜੀਤ ਸਿੰਘ ਵਾਸੀ ਨੌਸ਼ਹਿਰਾ (ਪੁਰਾਣਾਸ਼ਾਲਾ) ਦੇ ਬਿਆਨਾਂ ਉੱਤੇ ਕੰਪਨੀ ਮਾਲਕ ਅਤੇ ਹੋਰ ਡਾਇਰੈਕਟਰਾਂ ਸਮੇਤ ਕੰਪਨੀ ਦੇ ਪੰਜ ਵਿਅਕਤੀਆਂ ਉਤੇਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਪੁਲਸ ਨੇ ਦੋਸ਼ੀ ਗੁਰਦੀਪ ਸਿੰਘ ਵਾਸੀ ਨਿੱਕਾ ਸਿੰਘ ਕਾਲੋਨੀ, ਅੰਮ੍ਰਿਤਸਰ ਨੂੰ ਗ੍ਰਿਫਤਾਰ ਕੀਤਾ ਸੀ, ਜਿਸ ਨੂੰ ਕੰਪਨੀ ਦਾ ਡਾਇਰੈਕਟਰ ਦੱਸਿਆ ਜਾਂਦਾ ਹੈ। ਗ੍ਰਿਫਤਾਰੀ ਪਿੱਛੋਂ ਪੁਲਸ ਨੇ ਅਦਾਲਤ ਵਿੱਚੋਂ ਉਸ ਦਾ ਤਿੰਨ ਦਿਨ ਦਾ ਪੁਲਸ ਰਿਮਾਂਡ ਲੈ ਲਿਆ ਸੀ। ਰਿਮਾਂਡ ਖਤਮ ਹੋਣ ਤੋਂ ਬਾਅਦ ਕੱਲ੍ਹ ਉਸ ਨੂੰ ਫਿਰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਫਿਰ ਤਿੰਨ ਦਿਨਾਂ ਲਈ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਹੈ।

ਜਦੋਂ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਖਬਰ ਠੱਗੇ ਗਏ ਲੋਕਾਂ ਤਕ ਪਹੁੰਚੀ, ਤਾਂ ਉਹ ਨਹਿਰੂ ਪਾਰਕ ਵਿੱਚ ਇਕੱਠੇ ਹੋਣ ਮਗਰੋਂ ਰੋਸ ਮਾਰਚ ਕਰਦੇ ਹੋਏ ਕੋਰਟ ਕੰਪਲੈਕਸ ਵਿੱਚ ਪਹੁੰਚੇ। ਉਥੇ ਉਨ੍ਹਾਂ ਨੇ ਦੋਸ਼ੀ ਗੁਰਦੀਪ ਸਿੰਘ ਦੇ ਖਿਲਾਫ ਨਾਅਰੇਬਾਜ਼ੀ ਕਰ ਕੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਦੂਜੇ ਮੁਲਜ਼ਮਾਂ ਨੂੰ ਵੀ ਗ੍ਰਿਫਤਾਰ ਕੀਤਾ ਜਾਵੇ। ਇਸ ਮਗਰੋਂ ਪੀੜਤ ਥਾਣਾ ਸਿਟੀ ਪਹੁੰਚੇ ਅਤੇ ਥਾਣਾ ਇੰਚਾਰਜ ਅਤੇ ਡੀ ਐਸ ਪੀ ਨੂੰ ਮਿਲ ਕੇ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰਨ ਅਤੇ ਕਿਮ ਕੰਪਨੀ ਦੀ ਜਿੱਥੇ ਵੀ ਜਾਇਦਾਦ ਹੈ, ਉਸ ਦੀ ਵਿਕਰੀ ਰੋਕਣ ਦੀ ਮੰਗ ਕੀਤੀ।

# ਸਾਬਕਾ ਡੀ ਸੀ ਪੀ ਬਲਕਾਰ ਸਿੰਘ ਵੀ 'ਆਪ' ਪਾਰਟੀ ਵਿੱਚ ਸ਼ਾਮਲ



ਜਲੰਧਰ, 17 ਜੂਨ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਸੀ ਪੀ ਬਲਕਾਰ ਸਿੰਘ ਕੱਲ੍ਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪਾਰਟੀ ਦੇ ਦਿੱਲੀ ਤੋਂ ਵਿਧਾਇਕ ਅਤੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਬਲਕਾਰ ਸਿੰਘ ਨੂੰ ਰਸਮੀ ਤੌਰ ਉੱਤੇ ਪਾਰਟੀ ਵਿੱਚ ਸ਼ਾਮਲ ਕੀਤਾ।

ਇਸ ਮੌਕੇ ਰਾਘਵ ਚੱਢਾ ਨੇ ਕਿਹਾ ਕਿ ਪੰਜਾਬ ਦਾ ਹਰ ਵਰਗ ਆਮ ਆਦਮੀ ਪਾਰਟੀ ਨਾਲ ਜੁੜ ਰਿਹਾ ਹੈ, ਭਾਵੇਂ ਉਹ ਮੁਲਾਜ਼ਮ ਹੋਵੇ ਜਾਂ ਖ਼ਿਡਾਰੀ ਵਰਗ। ਉਨ੍ਹਾਂ ਕਿਹਾ ਕਿ ਸਾਬਕਾ ਅਧਿਕਾਰੀ ਨੇ ਪੰਜਾਬ ਪੁਲਸ ਵਿੱਚ ਲੰਮਾ ਸਮਾਂ ਸੇਵਾਵਾਂ ਨਿਭਾਈਆਂ ਅਤੇ ਵੱਖ-ਵੱਖ ਥਾਵਾਂ ਉੱਤੇ ਡਿਊਟੀ ਕਰਕੇ ਲੋਕਾਂ ਦੀ ਸੇਵਾ ਕੀਤੀ ਹੈ। ਆਪਣੀਆਂ ਸੇਵਾਵਾਂ ਬਦਲੇ ਉਨ੍ਹਾਂ ਨੇ ਦੇਸ਼ ਦੇ ਰਾਸ਼ਟਰਪਤੀ ਤੋਂ ਰਾਸ਼ਟਰੀ ਸਨਮਾਨ ਲਿਆ ਹੈ ਅਤੇ ਅੱਗੋਂ ਉਹ ਸਿਆਸਤ ਵਿੱਚ ਵੀ ਸ਼ਾਨਦਾਰ ਸੇਵਾ ਕਰਨਗੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਦੋ ਲੱਖ ਦਲਿਤ ਵਿਦਿਆਰਥੀਆਂ ਦੀ ਵਜ਼ੀਫਾ ਰਾਸ਼ੀ ਹੜੱਪ ਕੇ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਪਾ ਦਿੱਤਾ ਹੈ ਕਿਉਂਕਿ ਇਨ੍ਹਾਂ ਵਿਦਿਆਰਥੀਆਂ ਦੇ ਕਾਲਜਾਂ ਨੇ ਰੋਲ ਨੰਬਰ ਰੋਕ ਲਏ ਹਨ ਅਤੇ ਉਹ ਪ੍ਰੀਖਿਆ ਨਹੀਂ ਦੇ ਸਕਣਗੇ।

ਸਾਬਕਾ ਡੀ ਸੀ ਪੀ ਬਲਕਾਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਉੱਤੇ ਉਹ ਖ਼ੁਸ਼ੀ ਅਤੇ ਮਾਣ ਮਹਿਸੂਸ ਕਰਦੇ ਹਨ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਵਿੱਚ ਕੀਤੇ ਵਿਕਾਸ ਕੰਮਾਂ ਅਤੇ ਨੀਤੀਆਂ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਹਨ। ਦਿੱਲੀ ਦੀ ਸਰਕਾਰ ਨੇ ਗ਼ਰੀਬ ਪਰਵਾਰਾਂ, ਆਟੋ ਅਤੇ ਟੈਕਸੀ ਡਰਾਈਵਰਾਂ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਸ਼ਾਨਦਾਰ ਕੰਮ ਕੀਤੇ ਹਨ। ਅੱਗੋਂ 2022 ਵਿੱਚ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਪੂਰੇ ਸੂਬੇ ਦੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

# ਅਕਾਲੀ ਆਗੂ ਦੇ ਘਰੋਂ 75 ਤੋਲੇ ਸੋਨਾ ਤੇ ਨਕਦੀ ਚੋਰੀ

ਲੰਬੀ, 17 ਜੂਨ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਤੱਪਾਖੇੜਾ ਵਿੱਚ ਅਕਾਲੀ ਦਲ ਯੂਥ ਦੇ ਸਰਕਲ ਪ੍ਰਧਾਨ ਜਗਮੀਤ ਨੀਟੂ ਤੱਪਾਖੇੜਾ ਦੇ ਘਰੋਂ ਚੋਰਾਂ ਨੇ ਕੱਲ੍ਹ ਰਾਤ 75 ਤੋਲੇ ਸੋਨਾ ਤੇ 1.40 ਲੱਖ ਰੁਪਏ ਨਕਦੀ ਚੋਰੀ ਕਰ ਲਈ।

ਮਿਲੀ ਜਾਣਕਾਰੀ ਅਨੁਸਾਰ ਚੋਰ ਖਿੜਕੀ ਰਾਹੀਂ ਘਰ ਵਿੱਚ ਵੜੇ ਅਤੇ ਅਲਮਾਰੀਆਂ ਅਤੇ ਸੰਦੂਕਾਂ ਦੇ ਜਿੰਦਰੇ ਤੋੜ ਕੇ ਵਾਰਦਾਤ ਕੀਤੀ। ਚੋਰੀ ਹੋਏ ਸੋਨੇ ਦੀ ਕੀਮਤ 37-38 ਲੱਖ ਰੁਪਏ ਦੱਸੀ ਗਈ ਹੈ।ਨੀਟੂ ਤਪਾਖੇੜਾ ਨੇ ਦੱਸਿਆ ਕਿ ਉਹ ਕੱਲ੍ਹ ਜਦੋਂ ਅਕਾਲੀ ਦਲ ਦੇ ਚੰਡੀਗੜ੍ਹ ਧਰਨੇ ਵਿੱਚ ਜਾਣ ਲਈ ਸਵੇਰੇ ਤਿੰਨ ਵਜੇ ਉਠਿਆ ਤਾਂ ਵੇਖਿਆ ਕਿ ਦਰਵਾਜ਼ੇ ਦਾ ਜਿੰਦਰਾ ਅੰਦਰੋਂ ਟੁੱਟਿਆ ਪਿਆ ਤੇ ਸਾਮਾਨ ਖਿਲਰਿਆ ਪਿਆ ਸੀ। ਜਦੋਂ ਉਸ ਨੇ ਅਲਮਾਰੀਆਂ ਅਤੇ ਸੰਦੂਕ ਦੇਖੇ ਤਾਂ ਉਨ੍ਹਾਂ ਵਿੱਚ ਸੋਨਾ ਅਤੇ ਨਕਦੀ ਨਹੀਂ ਸੀ। ਅਕਾਲੀ ਆਗੂ ਅਨੁਸਾਰ 75 ਤੋਲੇ ਸੋਨਾ ਅਤੇ 1.40 ਲੱਖ ਰੁਪਏ ਨਕਦੀ ਚੋਰੀ ਹੋਈ ਹੈ। ਲੱਖਾਂ ਰੁਪਏ ਦੇ ਗਹਿਣੇ ਘਰ ਵਿੱਚ ਹੋਣ ਦੇ ਬਾਵਜੂਦ ਅਕਾਲੀ ਆਗੂ ਦੀ ਰਿਹਾਇਸ਼ ਵਿੱਚ ਕੋਈ ਸੀ ਸੀ ਟੀ ਵੀ ਕੈਮਰਾ ਨਹੀਂ ਲੱਗਾ ਸੀ। ਅਕਾਲੀ ਆਗੂ ਦੇ ਘਰ ਹੋਈ ਚੋਰੀ ਦੀ ਜਾਂਚ ਵਿੱਚ ਲੱਗੀ ਪੁਲਸ ਨੂੰ ਭਾਵੇਂ ਚੋਰਾਂ ਦਾ ਪਤਾ ਨਹੀਂ ਲੱਗਾ, ਪਰ ਆਪਣੇ ਘਰ ਵਿੱਚ ਸ਼ਰਾਬ ਕੱਢਦਾ ਇੱਕ ਦੋਸ਼ੀ ਉਨ੍ਹਾਂ ਦੇ ਕਾਬੂ ਆ ਗਿਆ। ਉਸ ਦੀ ਪਛਾਣ ਗਗਨਦੀਪ ਵਾਸੀ ਤੱਪਾਖੇੜੀ ਵਜੋਂ ਹੋਈ ਹੈ। ਉਸ ਕੋਲੋਂ ਪੁਲਸ ਨੇ ਵੀਹ ਕਿਲੋ ਲਾਹਣ ਬਰਾਮਦ ਕੀਤੀ ਹੈ।

# ਸਾਬਕਾ ਫੌਜੀਆਂ, ਸਾਬਕਾ ਆਈ ਏ ਐਸ ਅਤੇ ਬੁੱਧੀਜੀਵੀਆਂ ਨੇ ਨਵੀਂ ਪਾਰਟੀ ਬਣਾ ਧਰੀ



ਚੰਡੀਗੜ੍ਹ, 17 ਜੂਨ (ਪੋਸਟ ਬਿਊਰੋ)- ਪੰਜਾਬ ਦੇ ਕੁਝ ਸਾਬਕਾ ਫੌਜੀਆਂ,ਕੁਝ ਸਾਬਕਾ ਆਈ ਏ ਐਸ ਅਫਸਰਾਂ ਅਤੇ ਬੁੱਧੀਜੀਵੀਆਂ ਨੇ ਅਗਲੇ ਸਾਲ ਚੋਣਾਂ ਲੜਨਲਈ ਤਿਆਰੀ ਕਰ ਲਈ ਅਤੇ 'ਕਿਰਤੀ ਕਿਸਾਨ ਸ਼ੇਰੇ-ਪੰਜਾਬ ਪਾਰਟੀ' ਬਣਾ ਲਈ ਹੈ। ਇਸ ਪਾਰਟੀ ਦਾ ਸਰਪ੍ਰਸਤ ਸੰਤ ਦਲਬੀਰ ਸਿੰਘ ਸੋਢੀ ਅਤੇ ਪ੍ਰਧਾਨ ਸਾਬਕਾ ਕੈਪਟਨ ਚੰਨਣ ਸਿੰਘ ਸਿੱਧੂ ਨੂੰ ਬਣਾਇਆ ਹੈ। ਸਾਬਕਾ ਆਈ ਏ ਐਸ ਅਫਸਰ, ਐਸ ਆਰ ਲੱਧੜ ਸੀਨੀਅਰ ਮੀਤ ਪ੍ਰਧਾਨ, ਦਿੱਲੀ ਤੋਂ ਸਾਬਕਾ ਕੈਬਨਿਟ ਮੰਤਰੀ ਸੰਦੀਪ ਬਾਲਮੀਕੀ ਨੂੰ ਸੈਕਟਰੀ ਜਨਰਲ, ਸਾਬਕਾ ਆਈ ਆਰ ਐਸ ਅਫਸਰ ਅਮਰਜੀਤ ਸਿੰਘ ਘੱਗਾ ਨੂੰ ਮੀਤ ਪ੍ਰਧਾਨ, ਕੈਪਟਨ ਜੀ ਐਸ ਘੁੰਮਣ ਨੂੰ ਖਜ਼ਾਨਚੀ ਅਤੇ ਰੂਪੀਤ ਕੌਰ ਨੂੰ ਮਹਿਲਾ ਵਿੰਗ ਦੀ ਪ੍ਰਧਾਨ ਚੁਣਿਆ ਹੈ। ਕੈਪਟਨ ਚੰਨਣ ਸਿੰਘ ਸਿੱਧੂ ਅਤੇ ਐਸ ਆਰ ਲੱਧੜ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਦਿੱਲੀ ਦੀਆਂ ਬਰੂਹਾਂ ਉੱਤੇ ਸੰਘਰਸ਼ ਕਰ ਰਿਹਾ ਹੈ। ਪੰਜਾਬ ਵਿੱਚ ਲੋਕ ਕਰਜ਼ੇ ਦੀ ਮਾਰ ਹੇਠ ਦੱਬ ਪਏ ਹਨ। ਬੇਰੁਜ਼ਗਾਰੀ ਕਾਰਨ ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ, ਪਰ ਪੰਜਾਬ ਸਰਕਾਰ ਇਨ੍ਹਾਂ ਮੁੱਦਿਆਂ ਵੱਲ ਝਾਕਣ ਲਈ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੰਤਰੀ ਅਤੇ ਅਧਿਕਾਰੀ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੀ ਥਾਂ ਟਰਾਂਸਪੋਰਟ ਮਾਫੀਆ, ਭੋਂ ਮਾਫੀਆ, ਸ਼ਰਾਬ ਅਤੇ ਨਸ਼ਿਆਂ ਦੇ ਕਾਰੋਬਾਰ ਦੀ ਸਰਪ੍ਰਸਤੀ ਕਰਨ ਲੱਗੇ ਹੋਏ ਹਨ। ਲੱਧੜ ਨੇ ਕਿਹਾ ਕਿ ਉਨ੍ਹਾਂ ਦੀ ਇਹ ਨਵੀਂ ਪਾਰਟੀ ਹਰ ਵਰਗ ਦੇ ਲੋਕਾਂ ਦੇ ਮੁੱਦਿਆਂ ਨੂੰ ਚੁੱਕੇਗੀ।

# ਸ਼ੇਰ-ਏ-ਪੰਜਾਬ ਦੀ ਬਰਸੀ ਮੌਕੇ ਵੀ ਜਥਾ ਪਾਕਿ ਨਹੀਂ ਜਾ ਸਕੇਗਾ

ਅੰਮ੍ਰਿਤਸਰ, 17 ਜੂਨ (ਪੋਸਟ ਬਿਊਰੋ)- ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਪਿੱਛੋਂ ਕੋਰੋਨਾ ਦੇ ਕਾਰਨ ਪਾਕਿਸਤਾਨ ਸਰਕਾਰ ਵੱਲੋਂ ਪ੍ਰਵਾਨਗੀ ਨਾ ਮਿਲਣ ਉੱਤੇ ਮਹਾਰ-ਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ 21 ਜੂਨ ਨੂੰ ਪਾਕਿਸਤਾਨ ਦੇ ਗੁਰਦੁ-ਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਜਾਣ ਵਾਲਾ ਸਿੱਖ ਜਥਾ ਵੀ ਨਹੀਂ ਜਾ ਸਕੇਗਾ।

ਇਸ ਬਾਰੇ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੀਤ ਸੈਕਟਰੀ ਕੁਲਵਿੰਦਰ ਸਿੰਘ ਰਾਮਦਾਸ ਨੇ ਦੱਸਿਆ ਕਿ ਯਾਤਰਾ ਵਿਭਾਗ ਸ਼੍ਰੋਮਣੀ ਕਮੇਟੀ ਦੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨਾਲ ਫ਼ੋਨ ਉੱਤੇ ਗੱਲਬਾਤ ਹੋਈ ਹੈ, ਜਿਸ ਅਨੁਸਾਰ ਸ਼ੇਰੇ-ਪੰਜਾਬ ਦੀ ਬਰਸੀ ਮੌਕੇ ਪਾਕਿਸਤਾਨ ਜਾ ਰਹੇ ਜਥੇ ਨੂੰ ਪਾਕਿਸਤਾਨ ਸਰਕਾਰ ਨੇ ਕੋਰੋਨਾ ਕਾਰਨ ਆਗਿਆ ਨਹੀਂ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਜਥਾ 21 ਜੂਨ ਨੂੰ ਪਾਕਿਸਤਾਨ ਜਾਣਾ ਅਤੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਿੱਛੋਂ 30 ਜੂਨ ਨੂੰ ਭਾਰਤ ਪਰਤਣਾ ਸੀ।

# ਅਕਾਲੀ ਆਗੂ ਚੰਦੂਮਾਜਰਾ ਦੀ ਅੱਖ ਘਨੌਰ ਦੇ ਹਲਕੇ ਉਤੇ

ਸਨੌਰ, 17 ਜੂਨ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਮਝੌਤੇ ਹੇਠ ਮੁਹਾਲੀ ਵਿਧਾਨ ਸਭਾ ਸੀਟ ਬਸਪਾ ਦੇ ਹਿੱਸੇ ਆਉਣ ਨਾਲ ਅਕਾਲੀ ਨੇਤਾ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਪਾਰਟੀ ਨਾਲ ਨਾਰਾਜ਼ਗੀ ਦੀ ਚਰਚਾ ਹੈ। ਪਰਸੋਂ ਪਾਰਟੀ ਵੱਲੋਂ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਨਿਵਾਸ ਦੇ ਘਿਰਾਓ ਦੌਰਾਨ ਪ੍ਰੋਫੈਸਰ ਚੰਦੂਮਾਜਰਾ ਅਤੇ ਉਨ੍ਹਾਂ ਦਾ ਵਿਧਾਇਕ ਪੁੱਤਰ ਦੋਵੇਂ ਹੀ ਗੈਰ ਹਾਜ਼ਰ ਰਹੇ। ਉਨ੍ਹਾਂ ਦੀ ਗੈਰ ਹਾਜ਼ਰੀ ਨੇ ਨਾਰਾਜ਼ਗੀ ਦੀਆਂ ਖਬਰਾਂ ਨੂੰ ਹੋਰ ਵੀ ਜ਼ੋਰ ਦਿੱਤਾ ਹੈ।

ਕੱਲ੍ਹ ਆਪਣੇ ਵਿਧਾਇਕ ਪੁੱਤਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਨਾਲ ਉਸ ਦੇ ਹਲਕੇ ਸਨੌਰ ਦੀ ਫੇਰੀ ਮੌਕੇ ਕੀਤੀ ਗੱਲਬਾਤ ਦੌਰਾਨ ਚੰਦੂਮਾਜਰਾ ਨੇ ਪਾਰਟੀ ਨਾਲ ਨਾਰਾਜ਼ਗੀ ਦਾ ਖੰਡਨ ਕੀਤਾ। ਉਨ੍ਹਾ ਕਿਹਾ ਕਿ ਪਹਿਲਾਂ ਉਸ ਦੀ ਰਾਜਪੁਰਾ ਸੀਟ ਉੱਤੇ ਦਾਅਵੇਦਾਰੀ ਦੇ ਹਵਾਲੇ ਨਾਲ ਵੀ ਅਜਿਹੀ ਨਾਰਾਜ਼ਗੀ ਦੀ ਅਫਵਾਹ ਫੈਲਾਈ ਗਈ ਸੀ, ਜਦ ਕਿ ਉਹ ਸਪੱਸ਼ਟ ਕਰ ਚੁੱਕੇ ਹਨ ਕਿ ਉਹ ਮੁਹਾਲੀ ਅਤੇ ਰਾਜਪੁਰਾ ਤੋਂ ਦਾਅਵੇਦਾਰ ਨਹੀਂ। ਉਂਝ ਉਨ੍ਹਾਂ ਨੇ ਅਗਲੀ ਵਿਧਾਨ ਸਭਾ ਚੋਣ ਲੜਨ ਦੀ ਇੱਛਾ ਹੋਣ ਦਾ ਵੀ ਕੱਲ੍ਹ ਪਹਿਲੀ ਵਾਰ ਖੁਲਾਸਾ ਕੀਤਾ। ਉਨ੍ਹਾਂ ਸਪੱਸ਼ਟ ਕਿਹਾ ਕਿ ਪਾਰਟੀ ਹਿੱਤਾਂ ਅਤੇ ਵੋਟਰਾਂ, ਵਰਕਰਾਂ ਦੀਆਂ ਇੱਛਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਟੀ ਪ੍ਰਧਾਨ ਰਾਹੀਂ ਉਹ ਵੀ ਕੋਈ ਹਲਕਾ ਚੁਣਨ ਦਾ ਮਨ ਬਣਾ ਰਹੇ ਹਨ। ਭਾਵੇਂ ਕਿ ਉਨ੍ਹਾਂ ਨੇ ਹਲਕੇ ਦਾ ਨਾਂਅ ਨਹੀਂ ਲਿਆ, ਪਰ ਉਨ੍ਹਾਂ ਦੀ ਪਟਿਆਲਾ ਜ਼ਿਲ੍ਹੇ ਦੇ ਹੀ ਘਨੌਰ ਹਲਕੇ ਉੱਤੇ ਅੱਖ ਹੋਣ ਦੀ ਗੱਲ ਜੱਗ ਜ਼ਾਹਰ ਹੋ ਚੁੱਕੀ ਹੈ, ਜਦ ਕਿ ਉਨ੍ਹਾਂ ਦਾ ਪੁੱਤਰ ਸਨੌਰ ਤੋਂ ਹੀ ਮੁੜ ਕੇ ਚੋਣ ਲੜੇਗਾ।

# ਢਾਡੀ ਸਭਾ ਕਾਲੇ ਚੋਲੇ ਪਾ ਕੇ 18 ਜੂਨ ਦੇ ਦਿਨ ਅਕਾਲ ਤਖ਼ਤ ਅੱਗੇ ਅਰਦਾਸ ਕਰੇਗੀ

ਅੰਮ੍ਰਿਤਸਰ, 17 ਜੂਨ (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਵਿਖੇ ਵਾਰਾਂ ਗਾਉਣ ਵਾਲੇ ਢਾਡੀ ਜਥਿਆਂ ਨੇ ਅਪਣੀਆਂ ਮੰਗਾਂ ਲਈ ਪਹਿਲਾਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜੈਬ ਸਿੰਘ ਅਭਿਆਸੀ ਅਤੇ ਸੁਖਵਰਸ਼ ਸਿੰਘ ਪੰਨੂੰ ਦੇ ਘਰ ਅੱਗੇ ਜਾਪ ਕੀਤਾ ਸੀ, ਅਗਲਾ ਕਦਮ ਢਾਡੀ ਸਿੰਘਾਂ ਵੱਲੋਂ 18 ਜੂਨ ਨੂੰ ਕਾਲੇ ਚੋਲੇ ਪਾ ਕੇ ਗੁਰਦੁਆਰਾ ਸਾਰਾਗੜ੍ਹੀ ਤੋਂ ਚੱਲ ਕੇ ਦਰਬਾਰ ਸਾਹਿਬ ਦੇ ਗਲਿਆਰੇ ਦੀ ਪ੍ਰੀਕਰਮਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਅਰਦਾਸ ਕੀਤੀ ਜਾਵੇਗੀ ਅਤੇ 21 ਜੂਨ ਨੂੰ ਇੱਕ ਦਿਨ ਦੀ ਭੁੱਖ ਹੜਤਾਲ ਕੀਤੀ ਜਾਏਗੀ।

ਇਸ ਬਾਰੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਐਮ ਏ ਅਤੇ ਗਿਆਨੀ ਗੁਰਮੇਜ ਸਿੰਘ ਸ਼ਹੂਰਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਢਾਡੀ ਸਭਾ ਨੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਹੈ ਕਿ ਸੰਘਰਸ਼ ਤੇਜ਼ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਸਾਡਾ ਵਿਰੋਧ



ਕਰਨ ਵਾਲੀ ਢਾਡੀ ਸਭਾ ਸ਼੍ਰੋਮਣੀ ਕਮੇਟੀ ਦੇ ਇੱਕ ਮੈਂਬਰ ਨੇ ਪਹਿਲੀ ਸਭਾ ਨੂੰ ਕਮਜ਼ੋਰ ਕਰਨ ਵਾਸਤੇ ਬਣਾਈ ਹੈ। ਬਲਦੇਵ ਸਿੰਘ ਨੇ ਦੱਸਿਆ ਕਿ ਜਦੋਂ ਸਾਡੀ ਢਾਡੀ ਸਭਾ ਬਣੀ ਸੀ, ਉਸ ਦਾ ਪਹਿਲਾ ਨਿਯਮ ਇਹ ਸੀ ਕਿ ਕੋਈ ਵੀ ਦਾੜ੍ਹਾ ਰੰਗਣ ਵਾਲਾ ਢਾਡੀ ਇਸ ਦਾ ਮੈਂਬਰ ਨਹੀਂ ਬਣੇਗਾ। ਜਥੇਦਾਰ ਅਭਿਆਸੀ ਨੇ ਕਿਹਾ ਹੈ ਕਿ ਇਹ ਸਭਾ ਉਨ੍ਹਾਂ ਦੇ 22 ਨਿਯਮ ਮੰਨਣ ਲਈ ਤਿਆਰ ਹੈ। ਇਸ ਦੇ ਜੁਆਬ ਵਿੱਚ ਬਲਦੇਵ ਸਿੰਘ ਅਤੇ ਗੁਰਮੇਜ ਸਿੰਘ ਸਹੂਰਾ ਨੇ ਕਿਹਾ ਕੁਲ 31 ਜਥੇ ਹਨ, ਜਥੇਦਾਰ ਅਜੈਬ ਸਿੰਘ ਨੂੰ ਵੇਖ ਲੈਣਾ ਚਾਹੀਦਾ ਹੈ ਕਿ ਕਿੰਨੇ ਜਥੇ ਉਨ੍ਹਾਂ ਦੇ ਨਿਯਮ ਮੰਨਦੇ ਹਨ ਤੇ ਕਿੰਨੇ ਜਥੇ ਉਨ੍ਹਾਂ ਦੇ ਵਿਰੋਧ ਵਿੱਚ ਹਨ। ਜੇ ਉਹ ਬਹੁਮਤ ਸਾਬਤ ਕਰ ਦੇਣ ਤਾਂ ਅਸੀਂ ਆਪਣਾ ਸੰਘਰਸ਼ ਉਸੇ ਸਮੇਂ ਵਾਪਸ ਲੈ ਲਵਾਂਗੇ ਪਰ ਜੇ ਬਹੁਮਤ ਸਾਬਤ ਨਾ ਕਰ ਸਕੇ ਤਾਂ ਇਹ 22 ਨਿਯਮ ਵਾਪਸ ਲੈਣੇ ਹੋਣਗੇ ਅਤੇ ਇਨ੍ਹਾਂ ਉਤੇ ਮੁੜ ਵਿਚਾਰ ਕਰਨੀ ਹੋਵੇਗੀ। ਬਲਦੇਵ ਸਿੰਘ ਐਮ ਏ ਨੇ ਅਭਿਆਸੀ ਦੇ ਇਸ ਦੋਸ਼ ਦਾ ਖੰਡਨ ਕੀਤਾ ਕਿ ਢਾਡੀ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਲੜਦੇ ਹਨ। ਉਨ੍ਹਾਂ ਕਿਹਾ ਕਿ ਅਭਿਆਸੀ ਇੱਕ ਸਬੂਤ ਦੇ ਦੇਵੇ, ਜਦੋਂ ਕਿਸੇ ਢਾਡੀ ਨੇ ਅਕਾਲ ਤਖ਼ਤ ਸਾਹਿਬ ਵਿਖੇ ਕਿਸੇ ਨਾਲ ਗਾਲੀ ਗਲੋਚ ਕੀਤਾ ਜਾਂ ਕਿਸੇ ਨੂੰ ਕੁੱਟਿਆ ਮਾਰਿਆ ਹੋਵੇ।



## ਕੋਰੋਨਾ ਦੀ ਦਵਾਈ 'ਕੋਵੋਵੈਕਸ' ਭਾਰਤ ਵਿੱਚ ਸਤੰਬਰ 'ਚ ਲਾਂਚ ਹੋਣ ਦਾ ਅੰਦਾਜ਼ਾ




ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਭਾਰਤ ਨੂੰ ਸਤੰਬਰ ਵਿੱਚ ਇੱਕ ਹੋਰ ਕੋਰੋਨਾ ਵੈਕਸੀਨ ਮਿਲਣ ਦੀ ਆਸ ਬੱਝ ਗਈ ਹੈ। ਅਮਰੀਕੀ ਕੰਪਨੀ ਨੋਵਾਵੈਕਸ ਨਾਲ ਮਿਲ ਕੇ ਸੀਰਮ ਇੰਸਟੀਚਿਊਟ ਇੱਕ ਹੋਰ ਵੈਕਸੀਨ ਨੂੰ ਭਾਰਤ ਵਿੱਚ ਹੀ ਵਿਕਸਿਤ ਕਰ ਰਿਹਾ ਹੈ। ਇਹ ਵੈਕਸੀਨ 'ਕੋਵੋਵੈਕਸ' ਦੇ ਨਾਂਅ ਨਾਲ ਲਾਂਚ ਕੀਤੀ ਜਾਵੇਗੀ।

ਸੀਰਮ ਇੰਸਟੀਚਿਊਟ ਦੇ ਸੀ ਏ ਓ ਅਦਾਰ ਪੂਨਾਵਾਲਾ ਨੇ ਆਸ ਪ੍ਰਗਟ ਕੀਤੀ ਹੈ ਕਿ ਕੋਵੋਵੈਕਸ ਨੂੰ ਸਤੰਬਰ ਤਕ ਭਾਰਤ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵੈਕਸੀਨ ਦੇ ਟਰਾਇਲ ਪੂਰੇ ਹੋਣ ਵਾਲੇ ਹਨ ਅਤੇ ਜੇ ਇਸ ਨੂੰ ਕੇਂਦਰ ਦੀ ਪ੍ਰਵਾਨਗੀ ਮਿਲ ਗਈ ਤਾਂ ਇਹ ਸਤੰਬਰ ਤਕ ਭਾਰਤ ਵਿੱਚ ਲਾਂਚ ਕੀਤੀ ਜਾ ਸਕਦੀ ਹੈ।ਕੋਰੋਨਾ ਦੇ ਲਗਾਤਾਰ ਮੱਠੇ ਹੋ ਰਹੇ ਪ੍ਰਭਾਵ ਹੇਠ ਰੋਜ਼ਾਨਾ ਆਉਣ ਵਾਲੇ ਨਵੇਂ ਕੇਸਾਂਵਿੱਚ ਕਮੀ ਦਾ ਰੁਝਾਨ ਜਾਰੀ ਹੈ। ਭਾਰਤ ਵਿੱਚ ਸਿਹਤਯਾਬੀ ਦੀ ਦਰ ਵਿੱਚ ਹੋਰ ਸੁਧਾਰ ਹੋ ਕੇ ਇਹ 95.80 ਫ਼ੀਸਦੀ ਉੱਤੇ ਪਹੁੰਚ ਗਈ ਹੈ, ਜਦਕਿ ਦੇਸ਼ ਵਿੱਚਕੋਰੋਨਾ ਵੈਕਸੀਨ ਦੀਆਂ 26 ਕਰੋੜ 19 ਲੱਖਖੁਰਾਕਾਂ ਆਮ ਲੋਕਾਂ ਨੂੰ ਦਿੱਤੀਆਂ ਗਈਆਂ ਹਨ।ਕੋਵੀਸ਼ੀਲਡ ਦੇ ਵਕਫ਼ੇ ਦੇ ਵਾਧੇ ਤੋਂ ਇਲਾਵਾ ਦੂਜੇ ਟੀਕੇ ਕੋਵੈਕਸੀਨ ਨੂੰ ਲੈ ਕੇ ਸਿਆਸਤ ਭਖੀ ਹੋਈ ਹੈ।

# ਕੇਜਰੀਵਾਲ ਸਰਕਾਰ ਵੱਲੋਂ ਲੋਅ ਫਲੋਰ ਬੱਸਾਂ ਦੀ ਖਰੀਦ ਲੈਫਟੀਨੈਂਟ ਗਵਰਨਰ ਨੇ ਰੋਕੀ



ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਰਾਜਧਨੀ ਦਿੱਲੀ ਵਿੱਚ ਲੋਅ ਫਲੋਰ ਬੱਸਾਂ ਦੀ ਖਰੀਦ ਦੇ ਕੇਸ ਵਿੱਚ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੂੰ ਵੱਡਾ ਝਟਕਾ ਲੱਗਾ ਹੈ। ਇੱਕ ਹਜ਼ਾਰ ਬੱਸਾਂ ਦੀ ਖਰੀਦ ਅਤੇ ਉਨ੍ਹਾਂ ਦੀ ਸੰਭਾਲ ਲਈ ਕੀਤੇ ਸਮਝੌਤੇ ਵਿੱਚ ਵਿੱਤੀ ਬੇਨਿਯਮੀਆਂ ਦੇ ਦੋਸ਼ ਲੱਗਣ ਕਾਰਨ ਆਵਾਜਾਈ ਵਿਭਾਗ ਨੇ ਹਾਲੇ ਖਰੀਦ ਪ੍ਰਕਿਰਿਆ ਉੱਤੇ ਰੋਕ ਲਾ ਦਿੱਤੀ ਹੈ ਤੇ ਲੈਫਟੀਨੈਂਟ ਗਵਰਨਰਅਨਿਲ ਬੈਜਲ ਨੇ ਕੇਸ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਹੈ, ਜੋ ਦੋ ਹਫਤਿਆਂ ਵਿੱਚ ਇਸ ਕੇਸ ਬਾਰੇ ਆਪਣੀ ਰਿਪੋਰਟ ਦੇਵੇਗੀ।

ਵਰਨਣ ਯੋਗ ਹੈ ਕਿ ਦਿੱਲੀ ਸਰਕਾਰ ਨੇ ਬੀਤੇ ਜਨਵਰੀ ਵਿੱਚ ਦੋ ਕੰਪਨੀਆਂ ਨਾਲ 890 ਕਰੋੜ ਰੁਪਏ ਵਿੱਚ ਇੱਕ ਹਜ਼ਾਰ ਲੋਅ ਫਲੋਰ ਬੱਸਾਂ ਖਰੀਦਣ ਦਾ ਸੌਦਾ ਕੀਤਾ ਸੀ। ਇਨ੍ਹਾਂ ਵਿੱਚੋਂ ਸੱਤ ਸੌ ਬੱਸਾਂ ਬੀ ਐਮ ਆਟੋ ਲਿਮਟਿਡ ਤੋਂ ਖਰੀਦ ਕਰਨੀਆਂ ਸਨ ਅਤੇ ਤਿੰਨ ਸੌ ਬੱਸਾਂ ਟਾਟਾ ਕੰਪਨੀ ਤੋਂ ਖਰੀਦਣ ਦਾ ਸਮਝੌਤਾ ਹੋਇਆ ਸੀ, ਪਰ ਇਨ੍ਹਾਂ ਦੀ ਸਪਲਾਈ ਸ਼ੁਰੂ ਹੋਣ ਤੋਂ ਪਹਿਲਾਂ ਦੋਸ਼ ਲੱਗ ਗਏ ਕਿ ਸੌਦੇ ਤੋਂ ਬਾਅਦ ਟੈਂਡਰ ਦੀਆਂ ਸ਼ਰਤਾਂ ਬਦਲ ਕੇ ਇਨ੍ਹਾਂ ਕੰਪਨੀਆਂ ਦੀਆਂ ਬੱਸਾਂ ਦੀ ਸਪਲਾਈ ਹੋਣ ਉੱਤੇ ਪਹਿਲੇ ਦਿਨ ਤੋਂ ਉਨ੍ਹਾਂ ਦੀ ਸੰਭਾਲ ਲਈ ਭੁਗਤਾਨ ਕਰਨ ਦੀ ਤਜਵੀਜ਼ ਰੱਖੀ ਹੈ। ਇਸ ਲਈ ਹਰ ਸਾਲ ਇਨ੍ਹਾਂ ਕੰਪਨੀਆਂ ਨੂੰ ਸੰਭਾਲ ਦੇ ਬਹਾਨੇ 350 ਕਰੋੜ ਰੁਪਏ ਦਿੱਤੇ ਜਾਣਗੇ, ਜਦ ਕਿ ਬੱਸਾਂ ਖਰੀਦਣ ਦੇ ਟੈਂਡਰ ਵਿੱਚ ਤਿੰਨ ਸਾਲ ਜਾਂ 2.10 ਲੱਖ ਕਿਲੋਮੀਟਰ ਚੱਲਣ ਤਕ ਸੰਭਾਲ ਦੀ ਜ਼ਿੰਮੇਵਾਰੀ ਸਬੰਧਤ ਕੰਪਨੀਆਂ ਵੱਲੋਂ ਕਰਨ ਦੀ ਸ਼ਰਤ ਸੀ। ਭਾਜਪਾ ਵਿਧਾਇਕਾਂ ਨੇ ਮਾਰਚ ਵਿੱਚ ਇਸ ਕੇਸ ਦੀ ਸ਼ਿਕਾਇਤ ਦਿੱਲੀ ਪੁਲਸ ਦੀ ਐਂਟੀ ਕੁਰੱਪਸ਼ਨ ਬਿਊਰੋ (ਏ ਸੀ ਬੀ) ਨੂੰ ਕੀਤੀ ਸੀ। ਏ ਸੀ ਬੀ ਨੇ ਦਿੱਲੀ ਸਰਕਾਰ ਦੇ ਵਿਜੀਲੈਂਸ ਡਾਇਰੈਕਟਰ ਨੂੰ ਚਿੱਠੀ ਲਿਖੀ, ਪਰ ਜਾਂਚ ਦੀ ਆਗਿਆ ਨਾ ਮਿਲਣ ਉੱਤੇ ਭਾਜਪਾ ਵਿਧਾਇਕ ਵਜਿੰਦਰ ਗੁਪਤਾ ਨੇ ਲੈਫਟੀਨੈਂਟ ਗਵਰਨਰਅਨਿਲ ਬੈਜਲ ਨੂੰ ਪੱਤਰ ਲਿਖ ਕੇ ਕੇਸ ਵਿੱਚ ਦਖਲਦੇਣ ਦੀ ਮੰਗ ਕੀਤੀ ਸੀ। ਉਨ੍ਹਾਂ ਦਾ ਦੋਸ਼ ਸੀ ਕਿ ਆਵਾਜਾਈ ਵਿਭਾਗ ਦੀ ਅੰਦਰੂਨੀ ਜਾਂਚ ਵਿੱਚ ਗੜਬੜੀ ਮਿਲਣ ਦੇ ਬਾਵਜੂਦ ਏ ਸੀ ਬੀ ਨੂੰ ਜਾਂਚ ਦੀ ਆਗਿਆ ਨਹੀਂ ਦਿੱਤੀ ਜਾ ਰਹੀ।

## ਪੁਲਸ ਵੱਲੋਂ ਮਦਦ ਨਾ ਕਰਨ ਉੱਤੇ ਹਨੀਟ੍ਰੈਪ ਤੋਂ ਪਰੇਸ਼ਾਨ ਕਾਰੋਬਾਰੀ ਵੱਲੋਂ ਥਾਣੇ ਨੇੜੇ ਖੁਦਕੁਸ਼ੀ



ਫਰੀਦਾਬਾਦ, 17 ਜੂਨ (ਪੋਸਟ ਬਿਊਰੋ)- ਹਨੀਟ੍ਰੈਪ ਤੋਂ ਤੰਗ ਕਾਰੋਬਾਰੀ ਸ਼ੰਕਰ ਨਰੂਲਾ ਨੇ ਕੱਲ੍ਹ ਸੈਕਟਰ-17 ਥਾਣੇ ਦੇ ਨੇੜੇ ਪੈਟਰੋਲ ਛਿੜਕ ਕੇ ਅੱਗ ਲਾ ਲਈ। ਇਸ ਕਾਰਨ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਉਹ ਸੈਕਟਰ-16 ਦਾ ਰਹਿਣ ਵਾਲਾ ਸੀ ਅਤੇ ਦਿੱਲੀ ਤੋਂ ਕੋਈ ਲੜਕੀ ਫੋਨ ਕਰ ਕੇ ਉਸ ਨੂੰ ਬਲੈਕਮੇਲ ਕਰ ਰਹੀ ਸੀ। ਉਹ ਪੂਰੇ ਪਰਵਾਰ ਨੂੰ ਖਤਮ ਕਰਨ ਦੀ ਧਮਕੀ ਵੀ ਦੇ ਰਹੀ ਸੀ। ਨਰੂਲਾ ਨੇ ਸੀ ਆਈ ਏ ਸੈਕਟਰ-17 ਵਿੱਚ ਆਪਣੇ ਵਕੀਲ ਦੇ ਰਾਹੀਂ ਸ਼ਿਕਾਇਤ ਵੀ ਦਿੱਤੀ ਸੀ, ਪ੍ਰੰਤੂ ਦੋਸ਼ ਹੈ ਕਿ ਸੀ ਆਈ ਏ ਕਰਮਚਾਰੀ ਇਸ ਕੇਸਬਾਰੇ ਟਾਲਮਟੋਲ ਕਰ ਰਹੇ ਸਨ। ਇਸ ਤੋਂ ਪਰੇਸ਼ਾਨ ਹੋ ਕੇ ਕਾਰੋਬਾਰੀ ਨੇ ਇਹ ਕਦਮ ਚੁੱਕ ਲਿਆ। ਸ਼ੰਕਰ ਨਰੂਲਾ ਦਾ ਫੈਬਰੀਕੇਟਰ ਦਾ ਕਾਰੋਬਾਰ ਸੀ।

ਮ੍ਰਿਤਕ ਦੇ ਭਰਾ ਸੰਜੇ ਨਰੂਲਾ ਨੇ ਦੱਸਿਆ ਕਿ ਸਵੇਰੇ ਨੌਂ ਵਜੇ ਉਹ ਘਰੋਂ ਨਿਕਲੇ ਤੇ ਦੁਪਹਿਰੇ 12 ਵਜੇ ਤਕ ਥਾਣੇ ਦੇ ਚੱਕਰ ਕੱਟਦੇ ਰਹੇ, ਪਰ ਪੁਲਸ ਦੀ ਕੋਈ ਮਦਦ ਨਹੀਂ ਮਿਲੀ। ਕਰੀਬ ਸਾਢੇ ਤਿੰਨ ਵਜੇ ਉਨ੍ਹਾਂ ਨੇ ਅੱਗ ਲਾ ਲਈ। ਜੇ ਪੁਲਸ ਸਮੇਂ ਉੱਤੇ ਕਾਰਵਾਈ ਕਰਦੀ ਤਾਂ ਉਨ੍ਹਾਂ ਦੀ ਜਾਨ ਨਾ ਜਾਂਦੀ। ਸੈਕਟਰ-17 ਦੇ ਥਾਣਾ ਇੰਚਾਰਜ ਨਰੇਸ਼ ਕੁਮਾਰ ਨੇ ਕੋਈ ਵੀ ਸ਼ਿਕਾਇਤ ਮਿਲਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਰਵਾਰ ਵਾਲੇ ਜੋ ਸ਼ਿਕਾਇਤ ਦੇਣਗੇ ਉਸ ਦੇ ਆਧਾਰ ਉੱਤੇ ਹੀ ਕਾਰਵਾਈ ਕੀਤੀ ਜਾਏਗੀ।

ਪਤਾ ਲੱਗਾ ਹੈ ਕਿ ਇੰਸਟਾਗ੍ਰਾਮ ਦੇ ਰਾਹੀਂ ਇੱਕ ਔਰਤ ਨਾਲ ਨਰੂਲਾ ਦੀ ਮੁਲਾਕਾਤ ਹੋਈ ਅਤੇ ਔਰਤ ਗੱਲਾਂ ਵਿੱਚ ਫਸਾ ਕੇ ਉਨ੍ਹਾਂ ਤੋਂ ਈ-ਵਾਲੇਟ ਵਿੱਚ ਥੋੜ੍ਹੇ-ਥੋੜ੍ਹੇ ਰੁਪਏ ਲੈਂਦੀ ਰਹੀ। ਫਿਰ ਉਸ ਨੇ ਮਿਲਣ ਲਈ ਹੋਟਲ ਵਿੱਚ ਬੁਲਾਇਆ। ਇੱਕ ਆਦਮੀ ਤੇ ਔਰਤ ਹੋਟਲ ਵਿੱਚ ਪਹੁੰਚੇ। ਉਥੇ ਉਨ੍ਹਾਂ ਨੇ ਨਰੂਲਾ ਦਾ ਵੀਡੀਓ ਬਣਾ ਲਿਆ ਅਤੇ ਔਰਤ ਨੇ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਕੁਝ ਰੁਪਏ ਵੀ ਠੱਗ ਲਏ, ਪਰ ਅੱਗੋਂ ਔਰਤ ਉਸ ਤੋਂ ਤਿੰਨ ਲੱਖ ਰੁਪਏ ਹੋਰ ਮੰਗ ਰਹੀ ਸੀ।

# ਚੋਕਸੀ ਦੀਆਂ ਕੰਪਨੀਆਂ ਨੇ ਪੀ ਐਨ ਬੀ ਤੋਂ 6,43396 ਕਰੋੜ ਰੁਪਏ ਜਾਅਲੀ ਪੱਤਰ ਨਾਲ ਕੱਢਵਾਏ



ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ) ਘੋਟਾਲੇ ਦੀ ਜਾਂਚ ਵਿੱਚ ਪਤਾ ਲਾ ਲਿਆ ਹੈ ਕਿ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀਆਂ ਕੰਪਨੀਆਂ ਨੇ ਜਾਅਲੀ ਵਚਨ ਪੱਤਰਾਂ (ਲੈਟਰਸ ਆਫ ਅੰਡਰ ਟੇਕਿੰਗ) ਅਤੇ ਫਾਰੇਨ ਲੈਟਰਸ ਆਫ ਕਰੈਡਿਟ(ਐਫ ਐਲ ਸੀ) ਦੀ ਵਰਤੋਂ ਕਰ ਕੇ ਪੀ ਐਨ ਬੀ ਤੋਂ 6,344.966 ਕਰੋੜ ਰੁਪਏ ਹਾਸਲ ਕਰ ਲਏ ਸਨ। ਪਿਛਲੇ ਹਫਤੇ ਮੁੰਬਈ ਵਿੱਚ ਇੱਕ ਵਿਸ਼ੇਸ਼ ਕੋਰਟ ਵਿੱਚ ਸੀ ਬੀ ਆਈ ਨੇ ਸਪਲੀਮੈਂਟਰੀ ਚਲਾਣ ਵਿੱਚ ਇਹ ਗੱਲਾਂ ਦੱਸ ਕੇ ਕਿਹਾ ਕਿ ਪੀ ਐਨ ਬੀ ਦੇ ਮੁਲਾਜ਼ਮਾਂ ਨੇ ਚੋਕਸੀ ਨਾਲ ਹੱਥ ਮਿਲਾ ਕੇ ਬੈਂਕ ਨਾਲ ਬੇਈਮਾਨੀ ਕੀਤੀ ਸੀ। ਏਜੰਸੀ ਅਨੁਸਾਰ ਪੀ ਐਨ ਬੀ ਦੀ ਬ੍ਰੈਡੀ ਹਾਊਸ ਬ੍ਰਾਂਚ (ਮੁੰਬਈ) ਵਿੱਚ ਅਧਿਕਾਰੀਆਂ ਨੇ ਮਾਰਚ-ਅਪ੍ਰੈਲ 2017 ਦੌਰਾਨ 165 ਵਚਨ ਪੱਤਰਾਂ(ਐਲ ਓ ਯੂ) ਅਤੇ 58 ਐਫ ਐਲ ਸੀ ਜਾਰੀ ਕੀਤੇ ਸਨ, ਜਿਨ੍ਹਾਂ ਕਾਰਨ 311 ਬਿੱਲਾਂ ਦੀ ਛੋਟ ਦਿੱਤੀ ਗਈ। ਬਿਨਾਂ ਕਿਸੇ ਪਾਬੰਦੀ ਸੀਮਾ ਜਾਂ ਨਕਦੀ ਸੀਮਾ ਦੇ ਚੋਕਸੀ ਦੀਆਂ ਕੰਪਨੀਆਂ ਨੂੰ ਇਹ ਪੱਤਰ ਜਾਰੀ ਕੀਤੇ ਗਏ। ਐਲ ਓ ਯੂ ਬੈਂਕ ਦੇ ਗਾਹਕ ਵੱਲੋਂ ਕਿਸੇ ਵਿਦੇਸ਼ੀ ਬੈਂਕ ਨੂੰ ਸੰਬੰਧਤ ਭਾਰਤੀ ਬੈਂਕ ਵੱਲੋਂ ਦਿੱਤੀ ਗਈ ਗਾਰੰਟੀ ਹੁੰਦੀ ਹੈ। ਜੇ ਗਾਹਕ ਵਿਦੇਸ਼ੀ ਬੈਂਕ ਨੂੰ ਪੈਸਾ ਨਹੀਂ ਮੋੜਦਾ ਤਾਂ ਦੇਣਦਾਰੀ ਗਾਰੰਟੀ ਦੇਣ ਵਾਲੇ ਭਾਰਤੀ ਬੈਂਕ ਦੀ ਹੁੰਦੀ ਹੈ।ਸੀ ਬੀ ਆਈ ਦੇ ਸਪਲੀਮੈਂਟਰੀ ਚਲਾਣ ਵਿੱਚ ਦੋਸ਼ ਲਾਇਆ ਕਿ 'ਜਦ ਦੋਸ਼ੀ ਕੰਪਨੀਆਂ ਨੇ ਜਾਅਲੀ ਐਲ ਓ ਯੂ ਅਤੇ ਐਫ ਐਲ ਸੀ ਦੇ ਆਧਾਰ ਉੱਤੇ ਇਕੱਠੀ ਰਕਮ ਦਾ ਭੁਗਤਾਨ ਨਹੀਂ ਕੀਤਾ ਤਾਂ ਪੀ ਐਨ ਬੀ ਨੇ ਵਿਦੇਸ਼ੀ ਬੈਂਕਾਂ ਨੂੰ ਬਕਾਇਆ ਭਰਿਆ।' ਪੀ ਐਨ ਬੀ ਨੇ ਚੋਕਸੀ ਉੱਤੇ ਉਸ ਨਾਲ 7080 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਲਾਇਆ ਹੈ। ਸੀ ਬੀ ਆਈ ਨੇ ਇਸ ਕੇਸ ਵਿੱਚ ਆਪਣੇ ਪਹਿਲੇ ਚਲਾਣ ਵਿੱਚ ਨਾਮਜ਼ਦ 18 ਦੋਸ਼ੀਆਂ ਦੇ ਨਾਲ ਸਪਲੀਮੈਂਟਰੀ ਚਲਾਣ ਵਿੱਚ ਚਾਰ ਨਵੇਂ ਦੋਸ਼ੀਆਂ ਦੇ ਨਾਂਅ ਸ਼ਾਮਲ ਕੀਤੇ ਹਨ। ਇਨ੍ਹਾਂ ਵਿੱਚ ਗੀਤਾਂਜਲੀ ਗਰੁੱਪ ਦੀਆਂ ਕੰਪਨੀਆਂ ਦੇ ਸਾਬਕਾ ਅੰਤਰਰਾਸ਼ਟਰੀ ਪ੍ਰਮੁੱਖ ਸੁਨੀਲ ਵਰਮਾ, ਪੀ ਐਨ ਬੀ ਦੇ ਦੋ ਅਧਿਕਾਰੀ ਸਾਗਰ ਸਾਵੰਤ ਅਤੇ ਸੰਜੇ ਪ੍ਰਸਾਦ ਅਤੇ ਗਰੁੱਪ ਹੇਠ ਆਉਣ ਵਾਲੇ ਬ੍ਰਾਂਡ ਜਿਲੀ ਅਤੇ ਨਕਸ਼ਤਰ ਦੇ ਡਾਇਰੈਕਟਰ ਧਨੇਸ਼ ਸੇਠ ਹਨ।

## ਕਾਰ ਅਤੇ ਟਰੱਕ ਦੀਟੱਕਰ ਵਿੱਚ ਦੋ ਬੱਚਿਆਂ ਸਮੇਤ ਨੌਂ ਮੌਤਾਂ

ਆਣੰਦ (ਅਹਿਮਦਾਬਾਦ), 17 ਜੂਨ (ਪੋਸਟ ਬਿਊਰੋ)- ਗੁਜਰਾਤ ਦੇ ਆਣੰਦ ਜ਼ਿਲ੍ਹੇ ਦੇ ਇੰਦਰਨਾਜ ਪਿੰਡ ਨੇੜੇ ਇੱਕ ਕਾਰ ਦੀ ਗਲਤ ਦਿਸ਼ਾ ਤੋਂ ਆਏ ਟਰੱਕ ਨਾਲ ਕੱਲ੍ਹ ਸਵੇਰੇ ਹੋਈ ਟੱਕਰ ਵਿੱਚ ਦੋ ਬੱਚਿਆਂ ਸਮੇਤ ਨੌਂ ਜਣਿਆਂ ਦੀ ਮੌਤ ਹੋ ਗਈ। ਪੁਲਸ ਮੁਤਾਬਕ ਹਾਦਸੇ ਵਿੱਚ ਤਿੰਨ ਤੇ ਪੰਜ ਸਾਲ ਦੇ ਦੋ ਬੱਚਿਆਂ ਦੇ ਇਲਾਵਾ ਦੋ ਔਰਤਾਂ ਦੀ ਵੀ ਮੌਤ ਹੋ ਗਈ। ਹਾਦਸਾ ਆਣੰਦ ਜ਼ਿਲ੍ਹੇ ਦੇ ਤਾਰਾ-ਪੁਰ ਨੂੰ ਅਹਿਮਦਾਬਾਦ ਜ਼ਿਲ੍ਹੇ ਦੇ ਨਾਲ ਜੋੜਨ ਵਾਲੇ ਸਟੇਟ ਹਾਈਵੇ ਉੱਤੇ ਹੋਇਆ।

ਸਬ ਇੰਸਪੈਕਟਰ ਭਾਰਤੀ ਬੇਨ ਪੰਡਿਆ ਨੇ ਕਿਹਾ ਕਿ ਕਾਰ ਦੀ ਅਗਲੀ ਸੀਟ ਪੂਰੀ ਤਰ੍ਹਾਂ ਨੁਕਸਾਨੀ ਗਈ ਤੇ ਸ਼ੁਰੂ ਵਿੱਚ ਉਸ ਸੀਟ ਉੱਤੇ ਕਿੰਨੀਆਂ ਲਾਸ਼ਾਂ ਸਨ, ਉਨ੍ਹਾਂ ਦਾ ਪਤਾ ਨਹੀਂ ਲੱਗ ਰਿਹਾ ਸੀ। ਜਦ ਪੱਤਰਕਾਰਾਂ ਨੇ ਪੁੱਛਿਆ ਤਾਂ ਕਿਸੇ ਨੇ ਕਹਿ ਦਿੱਤਾ ਕਿ 10 ਲੋਕ ਮਾਰੇ ਗਏ ਹਨ। ਬਾਅਦ ਵਿੱਚ ਨੌਂ ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਮ੍ਰਿਤਕਾਂ ਦੀ ਪਛਾਣ ਹੋਈ ਹੈ ਉਹ ਗੁਜਰਾਤ ਦੇ ਸੌਰਾਸ਼ਟਰ ਖੇਤਰ ਦੇ ਭਾਵਨਗਰ ਦੇ ਵਾਸੀ ਸਨ। ਉਨ੍ਹਾਂ ਨੇ ਕਿਹਾ ਕਿ ਉਹ ਭਾਵਨਗਰ ਜ਼ਿਲ੍ਹੇ ਦੇ ਵਾਰਤੇਜ ਦੇ ਰਹਿਣ ਵਾਲੇ ਸਨ ਅਤੇ ਮਹਾਰਾਸ਼ਟਰ ਤੋਂ ਵਾਪਸ ਆ ਰਹੇ ਸਨ।

## ਕਾਂਗਰਸ ਵੱਲੋਂ ਵੰਡੇ ਗਏ ਆਕਸੀਜਨ ਕੰਸਨਟ੍ਰੇਟਰਾਂ 'ਤੇ ਵਿਵਾਦ



ਡੱਬਵਾਲੀ, 17 ਜੂਨ (ਪੋਸਟ ਬਿਊਰੋ)- ਕਾਂਗਰਸਪਾਰਲੀਮੈਂਟ ਮੈਂਬਰ ਦੀਪੇਂਦਰ ਹੁੱਡਾ ਦੀ ਟੀਮ ਵੱਲੋਂ ਵੰਡੇ ਗਏ 'ਖਾਲਸਾ ਏਡ' ਦੇ ਸਟਿੱਕਰਾਂ ਵਾਲੇ ਆਕਸੀਜਨ ਕੰਸਨਟ੍ਰੇਟਰਾਂ ਨਾਲ ਵਿਵਾਦ ਖੜ੍ਹਾ ਹੋ ਗਿਆ ਹੈ।

ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਦੇਵੀ ਲਾਲ ਦੇ ਪੋਤਰੇ ਤੇ ਇਨੈਲੋ ਪਾਰਟੀ ਦੇ ਆਗੂ ਰਵੀ ਚੌਟਾਲਾ ਨੇ ਇਨ੍ਹਾਂ ਕੰਸਨਟ੍ਰੇਟਰਾਂ ਉੱਤੇ ਸੁਆਲ ਕਰਦਿਆਂ ਦੀਪੇਂਦਰ ਹੁੱਡਾ ਦੀ ਟੀਮ ਅਤੇ ਕਾਂਗਰਸੀ ਆਗੂਆਂ ਉੱਤੇ ਮੁਫਤ ਸ਼ੋਹਰਤ ਖੱਟਣ ਵਰਗੇ ਗੰਭੀਰ ਦੋਸ਼ ਲਾਏ ਹਨ। ਵਰਨਣ ਯੋਗ ਹੈ ਕਿ ਸਿਰਸਾ ਜ਼ਿਲ੍ਹੇ ਵਿੱਚ 16 ਆਕਸੀਜਨ ਕੰਸਨਟ੍ਰੇਟਰ ਭੇਜੇ ਗਏ ਹਨ, ਜਿਨ੍ਹਾਂ ਨੂੰ ਕਾਂਗਰਸੀ ਵਿਧਾਇਕਾਂ ਰਾਹੀਂ ਸਰਕਾਰੀ ਸੀ ਐਚ ਸੀਜ਼ ਵਿੱਚ ਭੇਜਿਆ ਜਾ ਰਿਹਾ ਹੈ।ਰਵੀ ਚੌਟਾਲਾ ਨੇ ਕਿਹਾ ਕਿ ਜੇ ਇਹ ਆਕਸੀਜਨ ਕੰਸਨਟ੍ਰੇਟਰਾਂ ਦੀਪੇਂਦਰ ਹੁੱਡਾ ਤੇ ਕਾਂਗਰਸ ਪਾਰਟੀ ਵੱਲੋਂ ਵੰਡੇ ਜਾ ਰਹੇ ਹਨ ਤਾਂ ਉਨ੍ਹਾਂ ਉੱਤੇ ਖਾਲਸਾ ਏਡ ਦਾ ਸਟਿੱਕਰ ਕਿਉਂ ਲੱਗਾ ਹੈ? ਉਨ੍ਹਾਂ ਦੀਪੇਂਦਰ ਹੁੱਡਾ ਅਤੇ ਕਾਂਗਰਸ ਪਾਰਟੀ ਨੂੰ ਕਿਹਾ ਕਿ ਉਹ ਸਪੱਸ਼ਟ ਕਰਨ ਕਿ ਇਹ ਸਾਮਾਨ ਖਾਲਸਾ ਏਡ ਦਾ ਹੈ ਜਾਂ ਕਾਂਗਰਸ ਪਾਰਟੀ ਵੰਡ ਰਹੀ ਹੈ।ਦੂਜੇ ਪਾਸੇ ਡੱਬਵਾਲੀ ਦੇ ਕਾਂਗਰਸੀ ਵਿਧਾਇਕ ਅਮਿਤ ਸਿਹਾਗ ਨੇ ਰਵੀ ਚੌਟਾਲਾ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਜਿਹੜੀ ਸੰਸਥਾ ਨੇ ਸਾਮਾਨ ਭੇਜਿਆ ਹੈ, ਉਸੇ ਦੇ ਸਟਿੱਕਰ ਨਾਲ ਸਾਮਾਨ ਅਗਾਂਹ ਵੰਡਿਆ ਜਾ ਰਿਹਾ ਹੈ, ਇਸ ਵਿੱਚ ਕੀ ਗਲਤ ਹੈ।

# ਟੋਲ ਪਲਾਜ਼ਾ ਉੱਤੇ ਧਰਨੇ ਵਿੱਚ ਕਿਸਾਨ ਵੱਲੋਂ ਜ਼ਹਿਰ ਖਾ ਕੇ ਖ਼ੁਦਕੁਸ਼ੀ



ਜੀਂਦ, 17 ਜੂਨ (ਪੋਸਟ ਬਿਊਰੋ)- ਹਰਿਆਣਾ ਦੇ ਜੀਂਦ ਖਟਕੜ ਟੋਲ ਪਲਾਜ਼ਾ ਉੱਤੇ ਧਰਨੇ ਵਿੱਚ ਕਿਸਾਨ ਨੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ ਹੈ। ਸੂਚਨਾ ਮਿਲਣ ਉੱਤੇ ਉਚਾਨਾ ਥਾਣੇ ਦੀ ਪੁਲਸ ਮੌਕੇ ਉੱਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ।ਟੋਲ ਉੱਤੇ ਮੌਜੂਦ ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਕਰ ਰਹੀ, ਜਿਸ ਕਾਰਨਮਰਨ ਵਾਲਾ ਕਿਸਾਨ ਸਰਕਾਰ ਦੇ ਇਸ ਰਵਈਏ ਤੋਂ ਦੁਖੀ ਸੀ।

ਉਚਾਨਾ ਦੇ ਥਾਣਾ ਮੁੱਖੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਕਿਸਾਨ ਦੇ ਪਰਵਾਰ ਨੂੰ ਬੁਲਾਇਆ ਗਿਆ ਹੈ। ਉਨ੍ਹਾਂ ਦੇ ਬਿਆਨ ਦਰਜ ਕਰਨ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਲੰਬੇ ਸਮੇਂ ਤੋਂ ਖਟਕੜ ਟੋਲ ਪਲਾਜ਼ਾ ਉੱਤੇ ਕਿਸਾਨਾਂ ਦਾ ਧਰਨਾ ਜਾਰੀ ਹੈ। ਪਿੰਡ ਖਟਕੜ ਦੇ ਵਾਸੀ ਪਾਲੇਰਾਮ (55) ਨੇ ਜ਼ਹਿਰੀਲਾ ਪਦਾਰਥ ਖਾ ਕੇ ਖ਼ੁਦਕੁਸ਼ੀ ਕਰ ਲਈ ਤਾਂ ਇਸ ਦਾ ਓਦੋਂ ਪਤਾ ਲੱਗਾ, ਜਦੋਂ ਪਾਲੇਰਾਮ ਕਾਫ਼ੀ ਸਮੇਂ ਉਠੇਨਹੀਂ। ਕਿਸਾਨ ਜਦੋਂ ਓਥੇ ਪਹੁੰਚੇ ਤਾਂ ਪਾਲੇ ਰਾਮ ਮ੍ਰਿਤਕ ਹਾਲਤ ਵਿੱਚ ਮਿਲੇਤੇ ਉਨ੍ਹਾਂ ਕੋਲ ਜ਼ਹਿਰੀਲੇ ਪਦਾਰਥ ਦੀ ਬੋਤਲ ਪਈ ਸੀ। ਪਾਲੇਰਾਮ ਅੰਦੋਲਨ ਕਰ ਰਹੇ ਕਿਸਾਨਾਂ ਲਈ ਪਿਛਲੇ ਛੇ ਮਹੀਨੇ ਤੋਂ ਚਾਹ ਬਣਾਉਂਦੇ ਆ ਰਹੇ ਸਨ। ਕਿਸਾਨ ਆਗੂ ਸਤਬੀਰ ਪਹਿਲਵਾਨ ਨੇ ਕਿਹਾ ਕਿ ਕਿਸਾਨ ਪਾਲੇਰਾਮ ਇਸ ਗੱਲ ਤੋਂ ਨਾਰਾਜ਼ ਸੀ ਕਿ ਸਰਕਾਰ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਲਈ ਕੁਝ ਨਹੀਂ ਕਰ ਰਹੀ। ਇਸ ਕਾਰਨ ਉਹ ਮਾਨਸਿਕ ਰੂਪ ਤੋਂ ਪਰੇਸ਼ਾਨ ਵੀ ਸਨ। ਉਨ੍ਹਾਂ ਨੇ ਦੱਸਿਆ ਕਿ ਕੁਝ ਕਿਸਾਨ ਕੱਲ੍ਹ ਦਿੱਲੀ ਦੇ ਧਰਨੇ ਵਿੱਚ ਸ਼ਾਮਲ ਹੋਣ ਗਏ ਸਨ। ਜਦੋਂ ਉਨ੍ਹਾਂ ਨੇ ਵਾਪਸ ਆ ਕੇ ਸਰਕਾਰ ਦੇ ਕਿਸਾਨਾਂ ਪ੍ਰਤੀ ਰਵਈਏ ਬਾਰੇ ਦੱਸਿਆ ਤਾਂ ਪਾਲੇਰਾਮ ਹੋਰ ਪਰੇਸ਼ਾਨ ਹੋ ਗਏ। ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਕੱਲ੍ਹ ਰਾਤ ਨੂੰ ਇਸੇ ਤਣਾਅ ਦੇ ਕਾਰਨ ਉਨ੍ਹਾਂ ਨੇ ਜ਼ਹਿਰੀਲਾ ਪਦਾਰਥ ਖਾ ਕੇ ਖ਼ੁਦਕੁਸ਼ੀ ਕਰ ਲਈ।

## ਜੈਪਾਲ ਭੁੱਲਰ ਕੇਸ ਵਿੱਚ ਬੰਗਾਲ ਵਿੱਚੋਂ ਚਾਰ ਪੰਜਾਬੀ ਗ੍ਰਿਫ਼ਤਾਰ



ਕੋਲਕਾਤਾ, 17 ਜੂਨ (ਪੋਸਟ ਬਿਊਰੋ)- ਬੀਤੇ ਦਿਨੀਂ ਕੋਲਕਾਤਾ ਵਿੱਚ ਪੁਲਸ ਮੁਕਾਬਲੇ ਦੌਰਾਨ ਮਾਰੇ ਗਏ ਗੈਂਗਸਟਰ ਜੈਪਾਲ ਭੁੱਲਰ ਤੇ ਉਸਦੇ ਸਾਥੀ ਜਸਪ੍ਰੀਤ ਜੱਸੀ ਦੇ ਕੇਸ ਵਿੱਚ ਪੱਛਮੀ ਬੰਗਾਲ ਦੀ ਪੁਲਸ ਨੇ ਚਮਕੌਰ ਸਿੰਘ, ਅਮਨਦੀਪ ਸਿੰਘ, ਰੇਸ਼ਮਜੀਤ ਸਿੰਘ ਤੇ ਜੈਕ ਸਿੰਘ ਸ਼ਰਮਾ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਸ ਨੇ ਦੱਸਿਆ ਹੈ ਕਿ ਚਮਕੌਰ ਨੂੰ ਬਸੀਰਹਾਟ ਦੇ ਇੱਕ ਲਾਲ ਬੱਤੀ ਇਲਾਕੇ ਤੋਂ ਅਤੇ ਬਾਕੀ ਤਿੰਨਾਂ ਨੂੰ ਦੱਖਣੀ 24 ਪਰਗਣਾ ਜ਼ਿਲ੍ਹੇ ਦੇ ਭਾਂਗੜ ਵਿਖੇ ਕਾਸ਼ੀਪੁਰ ਥਾਣਾ ਇਲਾਕੇ ਦੇ ਚੀਨਾਪੁਕੁਰ ਤੋਂ ਚਮਕੌਰ ਸਿੰਘ ਦੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ)ਅਤੇ ਬੈਰਕਪੁਰ ਪੁਲਸ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਹੈ। ਪੁਲਸ ਨੇ ਦੱਸਿਆ ਹੈ ਕਿ ਉਹਨਾਂ ਵਿੱਚੋਂ ਇਕ ਜਣਾ, ਜੋ ਬਠਿੰਡੇ ਦਾ ਵਸਨੀਕ ਹੈ, ਬੰਗਲਾ ਦੇਸ਼ ਫਰਾਰ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਦੇਰੀ ਨਾਲ ਸੁੱਤਾ ਉਠਿਆ ਅਤੇ ਪੁਲਸ ਦੇ ਹੱਥੇ ਚੜ੍ਹ ਗਿਆ। ਕਰੀਬਨ10 ਸਾਲ ਤੋਂ ਚੀਨਾਪੁਕੁਰ ਇਲਾਕੇ ਵਿੱਚ ਰਹਿ ਰਹੇ ਚਮਕੌਰ ਨੂੰ ਇਲਾਕੇ ਦੇ ਲੋਕ ਦਾਊਦ ਨਾਂਅ ਨਾਲ ਜਾਨਵਰਾਂ ਦੇ ਡਾਕਟਰ ਵਜੋਂ ਪਛਾਣਦੇ ਹਨ। ਇੱਥੋਂ ਦੀ ਰੂਬੀਆ ਬੀਬੀ ਨਾਲ ਉਸ ਨੇ ਵਿਆਹ ਕਰਵਾਇਆ ਸੀ। ਦੋ ਮੰਜ਼ਿਲਾ ਮਕਾਨ ਦੇ ਇੱਕ ਹਿੱਸੇ ਵਿੱਚ ਮੱਝਾਂ ਰੱਖੀਆਂ ਹਨ ਤੇ ਦੁੱਧ ਦਾ ਕਾਰੋਬਾਰ ਕਰਦੇ ਹਨ। ਉਸ ਦੀ ਪਹਿਲੀ ਪਤਨੀ ਪੰਜਾਬ ਵਿੱਚ ਹੈ ਅਤੇ ਬੇਟਾ ਜੈਕ ਇੱਥੇ ਹੈ। ਕਰੀਬ 10 ਦਿਨ ਪਹਿਲਾਂ ਅਮਨਦੀਪ ਤੇ ਰੇਸ਼ਮਜੀਤ ਉਨ੍ਹਾਂ ਦੇ ਘਰ ਆ ਕੇ ਠਹਿਰੇ ਸਨ। ਵਰਨਣ ਯੋਗ ਹੈ ਕਿ ਜੈਪਾਲ ਭੁੱਲਰ ਅਤੇ ਜੱਸੀ ਨਾਲ 'ਲਿੰਕ ਮੈਨ' ਦੇ ਸ਼ੱਕ ਵਿੱਚ ਉਨ੍ਹਾਂ ਨੂੰ ਫੜਿਆ ਗਿਆ ਹੈ। ਪੁਲਸ ਦੀ ਰਾਏ ਹੈ ਕਿ ਜੇ ਇੱਥੇ ਨੈਟਵਰਕ ਨਾ ਹੁੰਦਾ ਤਾਂ ਬੰਗਾਲ ਵਿੱਚ ਗੈਂਗਸਟਰ ਪਨਾਹ ਨਾ ਲੈਂਦੇ। ਇਸ ਬਾਰੇ ਪੰਜਾਬ ਪੁਲਸ ਭਰਤ ਕੁਮਾਰ ਤੇ ਸੁਮੀਤ ਕੁਮਾਰ ਨੂੰ ਵੀ ਗ੍ਰਿਫ਼ਤਾਰ ਕਰ ਚੁੱਕੀ ਹੈ।

**ਇਤਾਲਵੀ ਫ਼ੌਜੀਆਂ ਵੱਲੋਂ ਦੋ ਭਾਰਤੀਆਂ ਦੇ ਕਤਲ ਦਾ ਮਾਮਲਾ :**

## ਇਟਲੀ ਵੱਲੋਂ 10 ਕਰੋੜ ਦਾ ਮੁਆਵਜ਼ਾ ਦੇਣ ਪਿੱਛੋਂ ਅਦਾਲਤ ਵੱਲੋਂ ਕੇਸ ਬੰਦ ਕਰਨ ਦਾ ਹੁਕਮ



ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੇਰਲਾ ਦੇ ਦੋ ਮਛੇਰਿਆਂ ਨੂੰ ਕੇਰਲਾ ਸਮੁੰਦਰੀ ਕੰਢੇ ਨੇੜੇ ਫ਼ਰਵਰੀ 2012 ਵਿੱਚ ਕਤਲ ਕਰਨ ਦੇ ਕੇਸ ਵਿੱਚ ਦੋਸ਼ੀ ਦੋ ਇਤਾਲਵੀ ਸਮੁੰਦਰੀ ਫ਼ੌਜੀਆਂ ਵਿਰੁੱਧ ਭਾਰਤ ਵਿੱਚ ਚੱਲਦੇ ਅਪਰਾਧਕ ਕੇਸ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਹੈ।

ਜਸਟਿਸ ਇੰਦਰਾ ਬੈਨਰਜੀ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਇਸ ਕੇਸ ਵਿੱਚ ਦੋ ਇਤਾਲਵੀ ਫ਼ੌਜੀਆਂ ਵਿਰੁੱਧ ਦਰਜ ਸ਼ਿਕਾਇਤ ਉੱਤੇ ਕਾਰਵਾਈ ਰੱਦ ਕਰ ਕੇ ਕਿਹਾ ਕਿ ਭਾਰਤ ਵੱਲੋਂ ਮਨਜ਼ੂਰ ਕੌਮਾਂਤਰੀ ਵਿਚੋਲਗੀ ਸਮਝੌਤਾ (ਇੰਟਰਨੈਸ਼ਨਲ ਆਰਬਿਟਲ ਐਵਾਰਡ) ਦੇ ਤਹਿਤ ਕੇਰਲ ਦੇ ਦੋ ਮਛੇਰਿਆਂ ਦੇ ਕਤਲ ਮਾਮਲੇ ਵਿੱਚ ਇਤਾਲਵੀ ਸਮੁੰਦਰੀ ਫ਼ੌਜੀਆਂ ਮਾਸਿਮਿਲਾਨੋ ਲਾਤੋਰ ਅਤੇ ਸਲਵਾਤੋਰੇ ਗਿਰੋਨੇ ਵਿਰੁੱਧ ਅੱਗੇ ਦੀ ਜਾਂਚ ਇਟਲੀ ਵਿੱਚ ਕੀਤੀ ਜਾਵੇਗੀ।ਅਦਾਲਤ ਨੇ ਕਿਹਾ ਕਿ ਇਟਲੀ ਸਰਕਾਰ ਨੇਂ 10 ਕਰੋੜ ਰੁਪਏ ਦਾ ਮੁਆਵਜ਼ਾ ਦੇ ਦਿੱਤਾ ਹੈ, ਜੋ ਢੁਕਵਾਂ ਅਤੇ ਪੂਰਾ ਹੈ। ਅਦਾਲਤ ਨੇ ਕਿਹਾ ਕਿ ਇਸ ਰਾਸ਼ੀ ਵਿੱਚੋਂ ਕੇਰਲਾ ਦੇ ਦੋਵਾਂ ਮਛੇਰਿਆਂ ਦੇ ਪ੍ਰਵਾਰਾਂ ਦੇ ਨਾਮ 4-4 ਕਰੋੜ ਰੁਪਏ ਜਮ੍ਹਾ ਕਰਾਏ ਜਾਣ ਅਤੇ ਬਾਕੀ ਦੋ ਕਰੋੜ ਰੁਪਏ ਕਿਸ਼ਤੀ ਮਾਲਕ ਨੂੰ ਦਿੱਤੇ ਜਾਣ।ਅਦਾਲਤ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਰਜਿਸਟਰੀ ਵਿੱਚ ਜਮ੍ਹਾ ਕਰਵਾਈ ਗਈ 10 ਕਰੋੜ ਰੁਪਏ ਦੀ ਰਾਸ਼ੀ ਕੇਰਲਾ ਹਾਈ ਕੋਰਟ ਨੂੰ ਟਰਾਂਸਫ਼ਰ ਕੀਤੀ ਜਾਵੇ, ਜੋ ਦੋਵਾਂ ਮਛੇਰਿਆਂ ਦੇ ਪ੍ਰਵਾਰਾਂ ਦੇ ਨਾਮ 4-4 ਕਰੋੜ ਦੀ ਰਾਸ਼ੀ ਦਾ ਫ਼ਿਕਸਡ ਡਿਪਾਜ਼ਿਟ ਬਣਾਏਗਾ। ਬੈਂਚ ਨੇ ਕਿਹਾ ਕਿ ਮਛੇਰਿਆਂ ਦੇ ਵਾਰਸ ਮੁਆਵਜ਼ੇ ਦੀ ਰਾਸ਼ੀ ਫ਼ਿਕਸਡ ਡਿਪਾਜ਼ਿਟ ਦੀ ਮਿਆਦ ਦੌਰਾਨ ਵਿਆਜ ਦੀ ਰਕਮ ਕੱਢਾ ਸਕਣਗੇ।

ਵਰਨਣ ਯੋਗ ਹੈ ਕਿ ਬੀਤੇ ਦੌਰ ਵਿੱਚ ਭਾਰਤ ਨੇ ਦੋਸ਼ ਲਾਇਆ ਸੀ ਕਿ ਇਟਲੀ ਦੇ ਝੰਡੇ ਵਾਲੇ ਤੇਲ ਟੈਂਕਰ ਐਮ ਵੀ ਐਨਰਿਕਾ ਲੈਕਸੀ ਉੱਤੇ ਸਵਾਰ ਦੋ ਸਮੁੰਦਰੀ ਫ਼ੌਜੀਆਂ ਨੇ ਭਾਰਤ ਦੇ ਵਿਸ਼ੇਸ਼ ਆਰਥਕ ਖੇਤਰ ਵਿੱਚ ਮੱਛੀ ਫੜ ਰਹੇ ਦੋ ਭਾਰਤੀ ਮਛੇਰਿਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਕੋਰੋਨਾ ਟੀਕੇ ਨਾਲ ਦੇਸ਼ ਵਿੱਚ ਪਹਿਲੀ ਮੌਤ ਹੋਣ ਦੀ ਪੁਸ਼ਟੀ




ਨਵੀਂ ਦਿੱਲੀ, 17 ਜੂਨ (ਪੋਸਟ ਬਿਊਰੋ)- ਦੇਸ਼ ਵਿੱਚ ਕੋਰੋਨਾ ਵਾਇਰਸ ਦੇ ਟੀਕੇ ਦੇ ਮਾੜੇ ਪ੍ਰਭਾਵ ਦਾ ਅਧਿਐਨ ਕਰ ਰਹੇ ਸਰਕਾਰੀ ਪੈਨਲ ਨੇ ਟੀਕੇ ਨਾਲ ਇੱਕ ਵਿਅਕਤੀ ਦੀ ਮੌਤ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ। ਇਸ ਪੈਨਲ ਨੇ 68 ਸਾਲਾ ਵਿਅਕਤੀ ਦੀ ਐਨਾਫਿਲਾਕਸਿਸ ਨਾਲ ਹੋਈ ਮੌਤ ਮੰਨ ਲਈ ਹੈ।

ਐਨਾਫਿਲਾਕਸਿਸ ਇੱਕ ਤਰ੍ਹਾਂ ਦਾ ਐਲਰਜਿਕ ਰਿਐਕਸ਼ਨ ਹੈ। ਇਹ ਕੋਰੋਨਾ ਟੀਕੇ ਨਾਲ ਭਾਰਤ ਵਿੱਚ ਪਹਿਲੀ ਮੌਤ ਮੰਨੀ ਜਾਏਗੀ। ਇਸ ਵਿਅਕਤੀ ਦੀ ਮੌਤ ਅੱਠ ਮਾਰਚ 2021 ਨੂੰ ਹੋਈ ਸੀ।ਪੈਨਲ ਨੇ ਟੀਕਾ ਲੈਣ ਪਿੱਛੋਂ ਜਿਨ੍ਹਾਂ ਕੇਸਾਂ ਦੀ ਜਾਂਚ ਕੀਤੀ ਸੀ, ਉਸ ਵਿੱਚੋਂ ਪੰਜ ਲੋਕਾਂ ਨੂੰ ਪੰਜ ਫਰਵਰੀ ਨੂੰ ਟੀਕਾ ਲਾਇਆ ਗਿਆ ਸੀ। ਇਸ ਤੋਂ ਇਲਾਵਾ ਅੱਠ ਲੋਕਾਂ ਨੇ 9 ਮਾਰਚ ਨੂੰ ਟੀਕਾ ਲੱਗਾ ਸੀ ਤੇ 18 ਨੇ 31 ਮਾਰਚ ਨੂੰ ਟੀਕਾ ਲਵਾਇਆ ਸੀ। ਟੀਕਾ ਲੱਗਣ ਪਿੱਛੋਂ ਐਨਾਫਿਲਾਕਸਿਸ ਕਾਰਨ ਹੋਈ ਮੌਤ ਦਾ ਇਹ ਪਹਿਲਾ ਕੇਸ ਹੈ, ਜੋ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਤਿੰਨ ਲੋਕਾਂ ਦੀ ਕੋਰੋਨਾ ਦਾ ਟੀਕਾ ਲੱਗਣ ਕਾਰਨ ਮੌਤ ਹੋਣ ਦੀ ਗੱਲ ਕਹੀ ਗਈ ਸੀ, ਪਰ ਸਰਕਾਰੀ ਪੈਨਲ ਨੇ ਸਿਰਫ਼ ਇੱਕ ਕੇਸ ਦੀ ਪੁਸ਼ਟੀ ਕੀਤੀ ਹੈ। ਦੋ ਹੋਰ ਕੇਸਾਂ ਦੀ ਪੈਨਲ ਨੇ ਜਾਂਚ ਕੀਤੀ ਸੀ, ਜਿਸ ਵਿੱਚਕੁਝ ਹੋਰ ਲੋਕ ਵੀ ਐਲਰਜੀ ਦੇ ਸ਼ਿਕਾਰ ਹੋਏ ਸਨ, ਪਰ ਉਹ ਹਸਪਤਾਲ ਵਿੱਚ ਦਾਖ਼ਲ ਕਰਵਾਏ ਜਾਣ ਤੋਂ ਬਾਅਦ ਰਿਕਵਰ ਹੋ ਗਏ ਸਨ। ਪੈਨਲ ਨੇ ਆਪਣੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਹੈ ਕਿ ਟੀਕੇ ਦੇ ਫਾਇਦੇ ਕਿਤੇ ਵੱਧ ਹਨ।ਪੈਨਲ ਦੇ ਚੇਅਰਮੈਨ ਡਾ. ਐਨ ਕੇ ਅਰੋੜਾ ਨੇ ਕਿਹਾ ਕਿ ਇੱਕ ਵਾਰ ਫਿਰ ਅਸੀਂ ਇਹ ਸਲਾਹ ਦੇਵਾਂਗੇ ਕਿ ਟੀਕਾ ਲੱਗਣ ਤੋਂ 30 ਮਿੰਟ ਬਾਅਦ ਤਕ ਟੀਕਾਕਰਨ ਕੇਂਦਰ ਉੱਤੇ ਹੀ ਰੁਕੋ। ਇਸ ਮਿਆਦ ਵਿੱਚ ਕਈ ਵਾਰ ਮਾੜੇ ਪ੍ਰਭਾਵ ਦੇਖੇ ਜਾਂਦੇ ਹਨ ਅਤੇ ਉਸ ਤੋਂ ਬਾਅਦ ਤੁਰੰਤ ਇਲਾਜ ਮਿਲਣ ਉੱਤੇ ਉਸ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।



## ਚੀਨੀ ਮਾਹਰ ਦਾ ਸੁਝਾਅ: ਭਾਰਤ-ਚੀਨ ਐਲ ਏ ਸੀ ਉਤੇ ਬਫਰ ਜ਼ੋਨ ਹੋਣਾ ਚਾਹੀਦੈ

ਬੀਜਿੰਗ, 17 ਜੂਨ (ਪੋਸਟ ਬਿਊਰੋ)- ਚੀਨ ਦੇ ਇੱਕ ਸੇਵਾਮੁਕਤ ਸੀਨੀਅਰ ਅਧਿਕਾਰੀ ਨੇ ਪਿਛਲੇ ਸਾਲ ਗਲਵਾਨ ਵਿੱਚ ਭਾਰਤੀ ਤੇ ਚੀਨੀ ਫੌਜੀਆਂ ਵਿਚਾਲੇਹਿੰਸਕ ਝੜਪ ਦੇ ਇੱਕ ਸਾਲ ਪੂਰਾ ਹੋਣ ਉਤੇ ਭਾਰਤ-ਚੀਨ ਵਿਚਕਾਰ ਅਸਲ ਕੰਟਰੋਲ ਰੇਖਾ (ਐਲ ਏ ਸੀ) ਉਤੇ ਪੈਦਾ ਹੋਏ ਤਣਾਅ ਨੂੰ ਘੱਟ ਕਰਨ ਲਈ ਦਲੇਰਾਨਾ ਕਦਮ ਚੁੱਕਣ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐਲ ਏ ਸੀ ਉੱਤੇ ਸਭ ਤੋਂ ਖਤਰਨਾਕ ਖੇਤਰਾਂ ਵਿੱਚ ਬਫਰ ਜ਼ੋਨ ਬਣਾਏ ਜਾਣ ਤਾਂ ਜੋ ਅੱਗੇ ਤੋਂ ਫਿਰ ਕਦੀ ਵੀ ਅਜਿਹੀ ਤਣਾਅਪੂਰਨ ਸਥਿਤੀ ਨਾ ਪੈਦਾ ਹੋਏ।

ਹਾਂਗਕਾਂਗ ਤੋਂ ਛਪਦੇ ਸਾਊਥ ਚਾਈਨਾ ਮਾਰਨਿੰਗ ਪੋਸਟ ਅਖਬਾਰ ਵਿੱਚ ਕੱਲ੍ਹ 'ਚੀਨ ਤੇ ਭਾਰਤ ਨੂੰ ਸਰਹੱਦ ਉਤੇ ਤਣਾਅ ਤੋਂ ਅੱਗੇ ਵਧਣ ਲਈ ਬੀਤੇ ਉੱਤੇ ਵਿਚਾਰ ਕਰਨਾ ਚਾਹੀਦਾ' ਸਿਰਲੇਖ ਵਾਲੇ ਲੇਖ ਵਿੱਚ ਪੀਪਲਸ ਲਿਬਰੇਸ਼ਨ ਆਰਮੀ (ਪੀ ਐਲ ਏ) ਦੇ ਸੀਨੀਅਰ ਕਰਨਲ (ਸੇਵਾਮੁਕਤ) ਝਾਊ ਬੋ ਨੇ ਕਿਹਾ ਕਿ ਇਹ ਜਾਨਲੇਵਾ ਘਟਨਾ ਖੌਫਨਾਕ ਸੀ ਜਿਹੜੀ ਤਾਕਤ ਦੀ ਵਰਤੋਂ ਨਾ ਕਰਨ ਲਈ ਦੋਵਾਂ ਦੇਸ਼ਾਂ ਵਿਚਕਾਰ ਬਣੀ ਦਹਾਕਿਆਂ ਪੁਰਾਣੀ ਸਹਿਮਤੀ ਨੂੰ ਤੋੜਨ ਦੇ ਨੇੜੇ ਸੀ। ਇੱਥੇ ਸਿੰਗੂਆ ਯੂਨੀਵਰਸਿਟੀ ਵਿੱਚ ਸੈਂਟਰ ਫਾਰ ਇੰਟਰਨੈਸ਼ਨਲ ਸਕਿਓਰਿਟੀ ਐਂਡ ਸਟ੍ਰੈਟਜੀ ਵਿੱਚ ਸੀਨੀਅਰ ਫੈਲੋ ਬੋ ਨੇ ਤਣਾਅ ਘੱਟ ਕਰਨ ਲਈ ਆਪਣੀਆਂ ਤਸਵੀਰਾਂ ਵਾਲੇ ਲੇਖਾਂ ਵਿੱਚ ਕਿਹਾ ਕਿ ਮਾਰੂ ਸਰਹੱਦੀ ਝੜਪ ਹੋਣ ਦੇ ਸਦਮੇਂ ਦੇ ਸਾਲ ਬਾਅਦ ਹੁਣ ਵੀ ਕਾਫੀ ਤਣਾਅ ਬਣਿਆ ਹੋਇਆ ਹੈ ਕਿਉਂਕਿ ਅਣ-ਤਸਦੀਕ ਐਲ ਏ ਸੀ ਬਾਰੇ ਮੁੱਦਿਆਂ ਦਾ ਹੱਲ ਕਰਨ ਦੇ ਤਰੀਕਿਆਂ ਉਤੇ ਸਹਿਮਤੀ ਨਹੀਂ ਬਣੀ। ਬੋ ਨੇ ਵਿਵਾਦ ਨੂੰ ਟਕਰਾਅ ਦਾ ਰੂਪ ਦੇਣ ਤੋਂ ਰੋਕਣ ਦੇ ਸਵਾਲ ਉਤੇ ਪੂਰਬੀ ਲੱਦਾਖ ਵਿੱਚ ਬਾਕੀ ਇਲਾਕਿਆਂ ਤੋਂ ਫੌਜੀਆਂ ਦੀ ਵਾਪਸੀ ਦੀ ਭਾਰਤ ਦੀ ਮੰਗ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਇਨ੍ਹਾਂ ਸਮਝੌਤਿਆਂ ਵਿੱਚ ਦੋਵਾਂ ਦੇਸ਼ਾਂ ਨੇ ਇੱਕ ਵਾਰ ਫਿਰ ਦੁਹਰਾਇਆ ਕਿ ਉਹ ਐਲ ਏ ਸੀ ਉੱਤੇ ਆਪਣੇ-ਆਪਣੇ ਫੌਜੀ ਘਟਾਉਣਗੇ ਜਾਂ ਸੀਮਿਤ ਕਰ ਕੇ ਘੱਟੋ-ਘੱਟ ਗਿਣਤੀ ਉਤੇ ਲੈ ਜਾਣਗੇ।

## ਮੈਕਸੀਕੋ ਬਾਰਡਰ ਉਤੇ ਕੰਧ ਬਣਾਉਣ ਉੱਤੇ ਰੋਕ ਬਾਰੇ ਫਿਰ ਟਰੰਪ ਨੇ ਬਾਈਡੇਨ ਉੱਤੇ ਨਿਸ਼ਾਨਾ ਵਿਨ੍ਹਿਆ

ਵਾਸ਼ਿੰਗਟਨ, 17 ਜੂਨ (ਪੋਸਟ ਬਿਊਰੋ)- ਮੈਕਸੀਕੋ ਬਾਰਡਰ ਉਤੇ ਕੰਧ ਬਣਾਉਣ ਦੇ ਪ੍ਰਾਜੈਕਟ ਉਤੇ ਰੋਕ ਲਗਾਉਣ ਅਤੇ ਉਸ ਦਾ ਫੰਡ ਵਾਪਸ ਲੈਣ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੀ ਸਰਕਾਰ ਦੇ ਫੈਸਲੇ ਉੱਤੇ ਕੱਲ੍ਹ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਨਿਸ਼ਾਨਾ ਵਿਨ੍ਹਿਆ ਹੈ।



ਟਰੰਪ ਨੇ ਕਿਹਾ ਕਿ ਬਾਈਡੇਨ ਸਰਕਾਰ ਨੇ ਸਰਹੱਦ ਦਾ ਕੰਟਰੋਲ ਅਪਰਾਧੀਆਂ ਦੇ ਹੱਥ ਦੇ ਦਿੱਤਾ ਹੈ, ਇੱਥੇ ਡਰੱਗ ਡੀਲਰ, ਮਨੁੱਖੀ ਸਮਗਲਿੰਗ ਕਰਨ ਵਾਲਿਆਂ ਅਤੇ ਅਪਰਾਧੀਆਂ ਦਾ ਆਜ਼ਾਦ ਰਾਜ ਹੈ। ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਇੱਕ ਜੰਗਲ ਹੈ, ਖਤਰਨਾਕ ਅਪਰਾਧੀਆਂ ਨੂੰ ਅਮਰੀਕਾ ਵਿੱਚ ਆਜ਼ਾਦੀ ਦਿੱਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਉਹ 30 ਜੂਨ ਨੂੰ ਟੈਕਸਾਸ ਦੇ ਗਵਰਨਰ ਨਾਲ ਬਾਰਡਰ ਇਲਾਕੇ ਦਾ ਦੌਰਾ ਕਰਨਗੇ। ਮੈਂਟੈਕਸਾਸ ਦੇ ਗਵਰਨਰ ਗ੍ਰੇਗ ਏਬੌਟ ਦਾ ਸੱਦਾ ਮੰਨ ਲਿਆ ਹੈ। ਉਨ੍ਹਾਂ ਕਿਹਾ ਕਿ ਬਾਈਡੇਨ ਸਰਕਾਰ ਨੂੰ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਮਜ਼ਬੂਤ, ਸੁਰੱਖਿਅਤ ਬਾਰਡਰ ਵਿਰਾਸਤ ਵਿੱਚ ਮਿਲਿਆ, ਜਿਸ ਨੂੰ ਕੁਝ ਹੀ ਹਫ਼ਤਿਆਂ ਵਿੱਚ ਇੱਕ ਬਿਪਤਾ ਵਾਲਾ ਖੇਤਰ ਐਲਾਨ ਕਰ ਦਿੱਤਾ ਗਿਆ ਹੈ।

## ਯਮਨ ਵਿੱਚ ਬੱਚਿਆਂ ਦੇ ਕਾਤਲਾਂ ਨੂੰ ਚੌਰਾਹੇ ਵਿੱਚ ਗੋਲੀ ਨਾਲ ਭੁੰਨਿਆ

ਸਨਾ, 17 ਜੂਨ (ਪੋਸਟ ਬਿਊਰੋ)- ਯਮਨ ਦੀ ਰਾਜਧਾਨੀ ਸਨਾ ਵਿੱਚ ਇਰਾਨ ਸਮਰਥਕ ਹੂਤੀ ਬਾਗੀਆਂ ਨੇ ਬੱਚਿਆਂ ਦੇ ਕਾਤਲਾਂ ਨੂੰ ਤਾਲਿਬਾਨੀ ਸਜ਼ਾ ਦਿੱਤੀ ਹੈ ਅਤੇ ਤਿੰਨ ਦੋਸ਼ੀਆਂ ਨੂੰ ਭੀੜ ਭਰੇ ਚੌਰਾਹੇ ਵਿੱਚ ਲਿਜਾ ਕੇ ਗੋਲੀਆਂ ਨਾਲ ਭੁੰਨ ਦਿੱਤਾ ਹੈ। ਮਰਨ ਦੇ ਬਾਅਦ ਇਨ੍ਹਾਂ ਲੋਕਾਂ ਦੀਆਂ ਲਾਸ਼ਾਂ ਨੂੰ ਕਾਲੀਨ ਵਿੱਚ ਲਪੇਟ ਕੇ ਉਥੋਂ ਹਟਾ ਦਿੱਤਾ ਗਿਆ। ਇਸ ਦੌਰਾਨ ਤਾਇਨਾਤ ਸੁਰੱਖਿਆ ਗਾਰਡ ਉਨ੍ਹਾਂ ਦੋਸ਼ੀਆਂ ਉੱਤੇ ਹੱਸ ਰਹੇ ਸਨ।



ਵਰਨਣ ਯੋਗ ਹੈ ਕਿ ਯਮਨ ਵਿੱਚ 2018 ਦੇ ਬਾਅਦ ਏਦਾਂ ਪਹਿਲੀ ਵਾਰ ਹੋਇਆ ਕਿ ਕਿਸੇ ਨੂੰ ਜਨਤਕ ਤੌਰ ਉਤੇ ਮੌਤ ਦੀ ਸਜ਼ਾ ਦਿੱਤੀ ਗਈ ਹੋਵੇ। ਕਤਲ ਦੇ ਦੋਸ਼ੀਆਂ ਦੀ ਪਛਾਣ 40 ਸਾਲਾ ਅਲੀ ਅਲ, 48 ਸਾਲਾ ਅਬਦੁਲ ਅਲ ਮਖਮਲੀ ਅਤੇ 33 ਸਾਲਾ ਮੁਹੰਮਦ ਅਰਮਾਨ ਵਜੋਂ ਹੋਈ ਹੈ। ਇਹ ਤਿੰਨੇ ਯਮਨ ਦੇ ਵਾਸੀ ਸਨ। ਇਨ੍ਹਾਂ ਤਿੰਨਾਂ ਨੂੰ ਜਦੋਂ ਸਨਾ ਦੇ ਤਹਿਰੀਨ ਸਕਵਾਇਰ ਵਿੱਚ ਲਿਜਾਇਆ ਗਿਆ ਤਾਂ ਇਹ ਜੇਲ੍ਹ ਦੇ ਨੀਲੇ ਰੰਗ ਵਾਲੇ ਜੰਪ ਸੂਟ ਪਹਿਨੇ ਹੋਏ ਸਨ। ਥੋੜ੍ਹੀ ਦੇਰ ਬਾਅਦ ਇਨ੍ਹਾਂ ਲੋਕਾਂ ਨੂੰ ਇੱਕ ਕਾਲੀਨ ਉੱਤੇ ਆਹਮੋ-ਸਾਹਮਣੇ ਲਿਟਾ ਦਿੱਤਾ ਗਿਆ।

ਅਅਗਸਤ 2018 ਦੇ ਬਾਅਦ ਰਾਜਧਾਨੀ ਸਨਾ ਵਿੱਚ ਜਨਤਕ ਤੌਰ ਉਤੇ ਕਿਸੇ ਨੂੰ ਮੌਤ ਦੀ ਸਜ਼ਾ ਦੇਣ ਦਾ ਇਹ ਪਹਿਲਾ ਮਾਮਲਾ ਹੈ। ਗੋਲੀ ਮਾਰਨ ਦੇ ਬਾਅਦ ਬਾਗੀਆਂ ਨੇ ਇਨ੍ਹਾਂ ਦੀਆਂ ਲਾਸ਼ਾਂ ਨੂੰ ਕਰੇਨ ਦੀ ਮਦਦ ਨਾਲ ਕੁਝ ਦੇਰ ਲਈ ਹਵਾ ਵਿੱਚ ਲਟਕਾ ਦਿੱਤਾ। ਅਜਿਹਾ ਲੋਕਾਂ ਵਿੱਚ ਅਪਰਾਧ ਬਾਰੇ ਖ਼ੌਫ਼ ਪੈਦਾ ਕਰਨ ਲਈ ਕੀਤਾ ਗਿਆ ਹੈ।

## ਇਸਰਾਈਲ ਵੱਲੋਂ ਗਾਜ਼ਾ ਪੱਟੀ ਉੱਤੇ ਮੁੜ ਕੇ ਹਵਾਈ ਹਮਲਾ

ਯੇਰੂਸ਼ਲਮ, 17 ਜੂਨ (ਪੋਸਟ ਬਿਊਰੋ)- ਪਿਛਲੇ ਮਹੀਨੇ ਹੋਈ ਗੋਲੀਬੰਦੀ ਪਿੱਛੋਂ ਕੱਲ੍ਹ ਸਵੇਰੇ ਇਸਰਾਈਲ ਨੇ ਗਾਜ਼ਾ ਪੱਟੀ ਉੱਤੇ ਫਿਰ ਹਵਾਈ ਹਮਲੇ ਕੀਤੇ। ਇਸ ਦੌਰਾਨ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ।

ਇਸਰਾਈਲ ਦੀ ਫੌਜ ਨੇ ਦੱਸਿਆ ਕਿ ਹਮਲਾ ਉਨ੍ਹਾਂ ਅੱਤਵਾਦੀ ਟਿਕਾਣਿਆਂ ਉਤੇ ਕੀਤਾ ਗਿਆ ਜਿਨ੍ਹਾਂ ਦੀ ਵਰਤੋਂ ਹਮਾਸ ਵੱਲੋਂ ਕੀਤੀ ਜਾਂਦੀ ਹੈ। ਹਮਲਿਆਂ ਵਿੱਚ ਕਿਸੇ ਦੇ ਮਾਰੇ ਜਾਣ ਦੀ ਖ਼ਬਰ ਨਹੀਂ। ਫਲਸਤੀਨੀਆਂ ਨੇ ਗੁਬਾਰੇ ਛੱਡ ਕੇ ਇਸ ਦਾ ਜਵਾਬ ਦਿੱਤਾ। ਇਸਰਾਈਲ ਵੱਲੋਂ ਕੀਤੇ ਹਮਲੇ ਕਾਰਨ ਕੁਝ ਥਾਵਾਂ ਉਤੇ ਅੱਗ ਲੱਗੀ ਹੈ। ਫਲਸਤੀਨੀਆਂ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਕਾਰਨ ਇਸਰਾਈਲ ਵਿੱਚ ਵੀ ਕੁਝ ਨੁਕਸਾਨ ਹੋਇਆ ਹੈ।

ਇਸ ਤੋਂ ਪਹਿਲਾਂ ਸੈਂਕੜਿਆਂ ਦੀ ਗਿਣਤੀ ਵਿੱਚ ਇਸਰਾਈਲ ਦੇ ਕੱਟੜ ਰਾਸ਼ਟਰਵਾਦੀਆਂ ਨੇ ਤਾਕਤ ਦਾ ਵਿਖਾਵਾ ਕਰਨ ਲਈ ਪੂਰਬੀ ਯੇਰੂਸ਼ਲਮ ਵਿਖੇ ਪਰੇਡ ਕੀਤੀ। ਇਸ ਘਟਨਾ ਕਾਰਨ ਗਾਜ਼ਾ ਪੱਟੀ ਵਿਖੇ ਹਮਾਸ ਦੇ ਅੱਤਵਾਦੀਆਂ ਨਾਲ ਗੋਲੀਬੰਦੀ ਤੋਂ ਕੁਝ ਹਫ਼ਤੇ ਬਾਅਦ ਨਵੀਂ ਹਿੰਸਾ ਦੇ ਭੜਕਣ ਦਾ ਡਰ ਹੋ ਗਿਆ ਹੈ। ਫਲਸਤੀਨੀ ਇਸ ਮਾਰਚ ਨੂੰ ਭੜਕਾਊ ਕਾਰਵਾਈ ਮੰਨ ਰਹੇ ਹਨ। ਹਮਾਸ ਨੇ ਫਲਸਤੀਨੀਆਂ ਨੂੰ ਇਸ ਮਾਰਚ ਦਾ ਵਿਰੋਧ ਕਰਨ ਦੀ ਅਪੀਲ ਕੀਤੀ ਹੈ।

### ਬਗ ਨੇ ਮਾਲਾ-ਮਾਲ ਕੀਤਾ :

## ਇੰਸਟਾਗ੍ਰਾਮ ਵਿੱਚ ਖ਼ਾਮੀ ਲੱਭ ਕੇ ਭਾਰਤੀ ਨੇ 22 ਲੱਖ ਰੁਪਏ ਜਿੱਤੇ

ਵਾਸ਼ਿੰਗਟਨ, 17 ਜੂਨ (ਪੋਸਟ ਬਿਊਰੋ)- ਇੱਕ ਭਾਰਤੀ ਡਿਵੈਲਪਰ ਨੂੰ ਇੰਸਟਾਗ੍ਰਾਮ ਵੱਲੋਂ ਇੱਕ ਬਗ ਨੂੰ ਫਲੈਗ ਕਰਨ ਦੇ ਲਈ 30,000 ਡਾਲਰ ਦਾ ਇਨਾਮ ਦਿੱਤਾ ਗਿਆ ਹੈ।ਰਿਪੋਰਟ ਮੁਤਾਬਕ ਲੱਭਿਆ ਗਿਆ ਬਗ ਕਿਸੇ ਉਪਯੋਗਕਰਤਾ ਨੂੰ ਫਾਲੋ ਕੀਤੇ ਬਿਨਾਂ ਉਸ ਦੇ ਆਰਕਾਈਵ ਪੋਸਟ, ਸਟੋਰੀਜ਼, ਰੀਲ ਅਤੇ ਆਈ ਜੀ ਟੀ ਵੀ ਨੂੰ ਦੇਖਣ ਦੀ ਮਨਜ਼ੂਰੀ ਦੇ ਸਕਦਾ ਹੈ, ਤਦ ਵੀ ਜਦ ਪ੍ਰੋਫਾਈਲ ਪ੍ਰਾਈਵੇਟ ਹੀ ਕਿਉਂ ਨਾ ਹੋਵੇ।



ਭਾਰਤੀ ਡਿਵੈਲਪਰ ਮਿਊਰ ਫਰਤਾੜੇ ਨੇ ਮੀਡੀਆ ਉੱਤੇ ਇੱਕ ਪੋਸਟ ਵਿੱਚ ਇਸ ਮੁੱਦੇ ਬਾਰੇ ਜਾਣਕਾਰੀ ਦਿੱਤੀ। ਉਸ ਨੇ ਕਿਹਾ ਕਿ ਇਹ ਬਗ ਹਮਲਾਵਰ ਨੂੰ ਆਰਕਾਈਵ ਸਟੋਰੀਜ਼ ਅਤੇ ਪੋਸਟ ਦੇ ਜਾਇਜ਼ ਸੀ ਡੀ ਐਨ ਯੂ ਆਰ ਐਲ ਨੂੰ ਦੋਬਾਰਾ ਜੈਨਰੇਟ ਕਰਨ ਦੀ ਇਜਾਜ਼ਤ ਦੇ ਸਕਦਾ ਹੈ। ਇਸ ਦੇ ਇਲਾਵਾ, ਮੀਡੀਆ ਆਈ ਡੀ ਦੀਤਾਕਤ ਉਤੇ ਹਮਲਾਵਰ ਸਪੈਸੀਫਿਕ ਮੀਡੀਆ ਅਤੇ ਬਾਅਦ ਦੇ ਫਿਲਟਰ ਦੇ ਬਾਰੇ ਡਿਟੇਲ ਇਕੱਠੀ ਕਰਨ ਦੇ ਸਮਰੱਥ ਸੀ, ਜੋ ਪ੍ਰਾਈਵੇਟ ਅਤੇ ਆਰਕਾਵਾਈਡ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਮੁੱਦੇ ਨੂੰ ਉਠਾਉਣ ਤੋਂ ਲੈ ਕੇ ਇਸ ਨੂੰ ਠੀਕ ਕਰਨ ਤਕ ਦੀ ਪੂਰੀ ਟਾਈਮਲਾਈਨ ਲਗਭਗ ਦੋ ਮਹੀਨੇ ਸੀ।

## ਜਾਧਵ ਕੇਸ ਵਿੱਚ ਨਵਾਜ਼ ਸ਼ਰੀਫ਼ ਸਰਕਾਰ ਉੱਤੇ ਲਾਪਰਵਾਹੀ ਦਾ ਦੋਸ਼

ਲਾਹੌਰ, 17 ਜੂਨ (ਪੋਸਟ ਬਿਊਰੋ)- ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਦੇ ਬਾਰੇ ਕੌਮਾਂਤਰੀ ਅਦਾਲਤ ਦੇ ਦਬਾਅ ਹੇਠ ਫ਼ੈਸਲਾ ਲੈਣ ਤੋਂ ਬਾਅਦ ਪਾਕਿ-ਸਤਾਨ ਸਰਕਾਰ ਨੇ ਇਸ ਦਾ ਭਾਂਡਾ ਨਵਾਜ਼ ਸ਼ਰੀਫ਼ ਦੇ ਸਿਰ ਭੰਨਿਆ ਹੈ। ਪਾਕਿਸਤਾਨ ਵਿੱਚ ਦੋਸ਼ਾਂ ਉੱਤੇ ਜਵਾਬੀ ਕਾਰਵਾਈਆਂ ਵਿੱਚ ਘਿਰੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦੋਸ਼ ਲਾਇਆ ਹੈ ਕਿ ਜਾਧਵ ਕੇਸ ਵਿੱਚ ਦੇਸ਼ ਦੀ ਪਿਛਲੀ ਨਵਾਜ਼ ਸ਼ਰੀਫ਼ ਸਰਕਾਰ ਨੇ ਲਾਪਰਵਾਹੀ ਵਰਤੀ ਸੀ। ਪਾਰਲੀਮੈਂਟ ਵਿੱਚ ਕੁਲਭੂਸ਼ਣ ਜਾਧਵ ਬਾਰੇ ਬਿੱਲ ਪਾਸ ਹੋਣ ਨਾਲ ਘਿਰੇ ਕੁਰੈਸ਼ੀ ਨੇ ਸਪੱਸ਼ਟ ਕੀਤਾ ਕਿ ਇਹ ਕੌਮਾਂਤਰੀ ਅਦਾਲਤ ਵਿੱਚ ਭਾਰਤ ਦੇ ਕਦਮ ਨੂੰ ਅਸਫਲ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਕਿ ਸਰਕਾਰ ਨੇ ਜੋ ਕਦਮ ਚੁੱਕੇ ਹਨ ਉਹ ਕੌਮਾਂਤਰੀ ਅਦਾਲਤ ਦੇ ਆਦੇਸ਼ ਤੇ ਸ਼ਿਫ਼ਾਰਸ਼ਾਂ ਲਾਗੂ ਕਰਨ ਲਈ ਹਨ।

ਇਸ ਤੋਂ ਪਹਿਲਾਂ ਵਿਰੋਧੀ ਧਿਰਾਂ ਨੇ ਕੁਲਭੂਸ਼ਣ ਜਾਧਵ ਬਾਰੇ ਬਿੱਲ ਪੇਸ਼ ਕੀਤੇ ਜਾਣ ਦੌਰਾਨ ਹੰਗਾਮਾ ਕਰਦਿਆਂ ਦੋਸ਼ ਲਾਇਆ ਸੀ ਕਿ ਇਮਰਾਨ ਸਰਕਾਰ ਜਾਧਵ ਕੇਸ ਨੂੰ ਸਹੀ ਤਰੀਕੇ ਨਾਲ ਸੰਭਾਲਣ ਵਿੱਚ ਅਸਫਲ ਰਹੀ ਹੈ। ਕੁਰੈਸ਼ੀ ਨੇ ਕਿਹਾ ਕਿ ਭਾਰਤ ਪਾਕਿ ਨੂੰ ਕੌਮਾਂਤਰੀ ਨਿਆਂ ਅਦਾਲਤ ਵਿੱਚ ਫਸਾਉਣਾ ਚਾਹੁੰਦਾ ਹੈ, ਇਸ ਲਈ ਪਾਕਿ ਸਰਕਾਰ ਨੂੰ ਇਹ ਬਿੱਲ ਪੇਸ਼ ਕਰਨਾ ਪਿਆ। ਇਸ ਤੋਂ ਪਹਿਲਾਂ ਕੁਲਭੂਸ਼ਣ ਜਾਧਵ ਨੂੰ ਅਪੀਲ ਕਰਨ ਦਾ ਕੋਈ ਅਧਿਕਾਰ ਨਹੀਂ ਸੀ।

## ਪਾਕਿ 'ਚ ਈਸਾਈ ਲੜਕੀ ਅਗਵਾ ਕਰਕੇ ਤਿੰਨ ਬੱਚਿਆਂ ਦੇ ਪਿਤਾ ਨਾਲ ਵਿਆਹ ਨੂੰ ਕੋਰਟ ਨੇ ਜਾਇਜ਼ ਦੱਸਿਆ

ਇਸਲਾਮਾਬਾਦ, 17 ਜੂਨ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇੱਕ ਈਸਾਈ ਲੜਕੀ ਦੇ ਅਗਵਾ ਕਰਨ ਦੇ ਕੇਸ ਵਿੱਚ ਸਰਕਾਰ, ਪੁਲਸ ਅਤੇ ਅਦਾਲਤਾਂ ਤਿੰਨਾਂ ਦੀ ਇੱਕ ਰਾਏ ਹੋ ਗਈ ਹੈ। ਪਾਕਿ ਦੇ ਗੁੱਜਰਾਂਵਾਲਾ ਵਿੱਚ ਸਾਢੇ 13 ਸਾਲਾ ਇੱਕ ਈਸਾਈ ਲੜਕੀ ਨੂੰ ਮੁਸਲਮਾਨਾਂ ਨੇ ਅਗਵਾ ਕੀਤਾ ਅਤੇ ਉਸ ਦਾ ਤਿੰਨ ਬੱਚਿਆਂ ਦੇ ਪਿਤਾ ਨਾਲ ਜਬਰੀ ਵਿਆਹ ਕਰਵਾ ਦਿੱਤਾ। ਇਸ ਗੰਭੀਰ ਅਪਰਾਧ ਨੂੰ ਕਾਨੂੰਨੀ ਜਾਮਾ ਪਹਿਨਾਉਣ ਦੇ ਲਈ ਲੜਕੀ ਦਾ ਅਦਾਲਤ ਵਿੱਚ ਜਬਰੀ ਬਿਆਨ ਦਿਵਾ ਦਿਤਾ ਗਿਆ।ਹੈਰਾਨੀ ਦੀ ਗੱਲ ਇਹ ਹੈ ਕਿ ਅਦਾਲਤ ਵਿੱਚ ਬੈਠੇ ਜੱਜ ਨੇ ਵੀ ਨਾਬਾਲਗ ਲੜਕੀ ਦੇ ਵਿਆਹ ਨੂੰ ਜਾਇਜ਼ ਦਸ ਕੇ ਮੁਲਜ਼ਮਾਂ ਨੂੰ ਰਿਹਾਅ ਕਰ ਦਿੱਤਾ। ਪੀੜਤਾ ਦਾ ਪਿਤਾ ਸ਼ਾਹਿਦ ਗਿੱਲ ਇਨਸਾਫ ਦੇਣ ਦੀ ਗੁਹਾਰ ਕਰ ਰਿਹਾ ਹੈ ਤੇ ਪਾਕਿ-ਸਤਾਨਸਰਕਾਰ ਦਾ ਪੂਰਾ ਤੰਤਰ ਇਸ ਮਾਮਲੇ ਵਿੱਚ ਖਾਮੋਸ਼ ਹੈ।

ਡਾਨ ਅਖਬਾਰ ਦੇ ਅਨੁਸਾਰ ਪੀੜਤ ਨੇ ਦੱਸਿਆ ਕਿ ਉਸ ਦੀ ਲੜਕੀ ਦੇ ਨਾਬਾਲਗ ਹੋਣ ਦੇ ਬਾਅਦ ਵੀ ਧਮਕੀ ਦੇ ਕੇ ਦਿਵਾਏ ਗਏ ਬਿਆਨ ਨੂੰ ਅਦਾਲਤ ਨੇ ਮੰਨ ਲਿਆ। ਪਾਕਿਸਤਾਨ ਵਿੱਚ ਬਾਲ ਵਿਆਹ ਵਿਰੋਧੀ ਐਕਟ 1929 ਦੇ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਲੜਕੇ ਅਤੇ 16 ਸਾਲ ਤੋਂ ਘੱਟ ਉਮਰ ਦੀ ਲੜਕੀ ਦਾ ਵਿਆਹ ਗੈਰ ਕਾਨੂੰਨੀ ਹੈ। ਅਦਾਲਤ ਨੇ ਕਿਹਾ, ਉਹ ਲੜਕੀ ਦੇ ਬਿਆਨ ਉਤੇ ਫੈਸਲਾ ਦੇਵੇਗੀ। ਗਿੱਲ ਨੇ ਕਿਹਾ ਕਿ ਕੁਝ ਮੁਸਲਮਾਨ ਅਗਵਾ ਕਰ ਕੇ ਲੈ ਗਏ ਸਨ।ਪਾਕਿਸਤਾਨ ਵਿੱਚ ਘੱਟ ਗਿਣਤੀ ਹਿੰਦੂ, ਸਿੱਖ ਅਤੇ ਈਸਾਈ ਲੜਕੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਦਾ ਵੱਡੇ ਪੱਧਰ ਉਤੇ ਧਰਮ ਪਰਿਵਰਤਨ ਕਰਾਇਆ ਜਾਂਦਾ ਤੇ ਉਨ੍ਹਾਂ ਦਾ ਵਿਆਹ ਮੁਸਲਮਾਨ ਨਾਲ ਕਰ ਦਿੱਤਾ ਜਾਂਦਾ ਹੈ। ਅਮਰੀਕਾ ਵਿਚਲੀ ਸਿੰਧੀ ਫਾਊਂਡੇਸ਼ਨ ਦੇ ਅਨੁਸਾਰ ਹਰ ਸਾਲ ਇੱਕ ਹਜ਼ਾਰ ਤੋਂ ਵੱਧ ਹਿੰਦੂ ਅਤੇ ਸਿੰਧੀ ਲੜਕੀਆਂ ਦਾ ਅਗਵਾ ਕੀਤਾ ਜਾ ਰਿਹਾ ਹੈ। ਇਨ੍ਹਾਂ ਮਾਮਲਿਆਂ ਵਿੱਚ ਸਰਕਾਰ, ਪੁਲਸ ਅਤੇ ਅਦਾਲਤ ਵੀ ਚੁੱਪ ਧਾਰੀ ਰਹਿੰਦੀ ਹੈ।

## ਅਮਰੀਕਾ ਵਿੱਚ ਗੋਲੀ ਦੀਆਂ ਤਿੰਨ ਘਟਨਾਵਾਂ ਵਿੱਚ ਸੱਤ ਮੌਤਾਂ



ਵਾਸ਼ਿੰਗਟਨ, 17 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਸ਼ਿਕਾਗੋ, ਅਲਬਾਮਾ ਅਤੇ ਡੇਕੇਟਰ ਵਿੱਚ ਗੋਲੀਬਾਰੀ ਦੀਆਂ ਤਿੰਨ ਘਟਨਾਵਾਂ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ ਅਤੇ ਅੱਠ ਜ਼ਖ਼ਮੀ ਹੋ ਗਏ।

ਸ਼ਿਕਾਗੋ ਦੇ ਸਾਊਥ ਸਾਈਡ ਇਲਾਕੇ ਵਿੱਚ ਘਰੇਲੂ ਵਿਵਾਦ ਵਿੱਚ ਗੋਲੀਬਾਰੀ ਦੀ ਘਟਨਾ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ। ਦੂਸਰੇ ਪਾਸੇ ਅਲਬਾਮਾ ਵਿਚਲੇ ਇੱਕ ਫਾਇਰ ਹਾਈਡ੍ਰੈਂਟ ਪਲਾਂਟ ਵਿੱਚ ਇੱਕ ਕਰਮਚਾਰੀ ਨੇ ਕੱਲ੍ਹ ਤੜਕੇ ਬੰਦੂਕ ਨਾਲ ਅੰਨ੍ਹੇਵਾਹ ਗੋਲੀਬਾਰੀ ਕੀਤੀ, ਜਿਸ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਜ਼ਖ਼ਮੀ ਹੋ ਗਏ। ਇਸ ਪਿੱਛੋਂ ਦੋਸ਼ੀ ਕਰਮਚਾਰੀ ਵਾਹਨ ਵਿੱਚ ਸਵਾਰ ਹੋ ਕੇ ਕੰਪਨੀ ਤੋਂ ਫਰਾਰ ਹੋ ਗਿਆ। ਪੁਲਸ ਅਧਿਕਾਰੀ ਸਮਿਥ ਨੇ ਕਿਹਾ ਕਿ ਦੋਸ਼ੀ ਦੀ ਗ੍ਰਿਫ਼ਤਾਰੀ ਦੇ ਯਤਨ ਕੀਤੇ ਜਾ ਰਹੇ ਹਨ, ਪਰ ਸਾਫ਼ ਨਹੀਂ ਹੋ ਸਕਿਆ ਹੈ ਕਿ ਉਸ ਨੇ ਇਹ ਕਾਰਾ ਕਿਉਂ ਕੀਤਾ ਹੈ। ਕੰਪਨੀ ਦੀ ਕੋਈ ਪ੍ਰਤੀਕਿਰਿਆ ਨਹੀਂ ਮਿਲੀ। ਇਸ ਕੰਪਨੀ ਦੀ ਅਲਬਰਟ ਵਿਲੇ ਦੀ ਯੂਨਿਟ ਵਿੱਚ ਲੱਗਭਗ 400 ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ।

ਅਮਰੀਕਾ ਦੇ ਅਟਲਾਂਟਾ ਇਲਾਕੇ ਵਿੱਚ ਇੱਕ ਸੁਪਰਮਾਰਕੀਟ ਵਿੱਚ ਮਾਸਕ ਪਹਿਨਣ ਦੇ ਵਿਵਾਦ ਉਤੇ ਗੋਲੀਬਾਰੀ ਦੀ ਘਟਨਾ ਵਿੱਚ ਇੱਕ ਦੁਕਾਨ ਦੀ ਔਰਤ ਕੈਸ਼ੀਅਰ ਦੀ ਮੌਤ ਹੋ ਗਈ ਅਤੇ ਦੋ ਜ਼ਖ਼ਮੀ ਹੋ ਗਏ।ਡੇਕਾਲਬ ਕਾਊਂਟੀ ਦੀ ਸ਼ੇਰਿਫ ਮੇਲੋਡੀ ਮੈਡਾਕਸ ਨੇ ਦੱਸਿਆ ਕਿ ਗੋਲੀ ਦੀ ਘਟਨਾ ਡੇਕੇਟਰ ਵਿੱਚ ਸਾਊਥ ਡੇਕਾਲਬ ਮਾਲ ਵਿੱਚ ਬਿਗ ਬੀਅਰ ਸੁਪਰਮਾਰਕੀਟ ਵਿੱਚ ਹੋਈ। ਓਥੇ ਦੁਕਾਨ ਦੀ ਸੁਰੱਖਿਆ ਲਈ ਪਾਰਟ ਟਾਈਮ ਕੰਮ ਕਰਦੇ ਇੱਕ 'ਰਿਜ਼ਰਵ ਡਿਪਟੀ' ਨੇ ਇਸ ਦੇ ਜਵਾਬ ਵਿੱਚ ਗੋਲੀ ਚਲਾਈ, ਜਿਸ ਨਾਲ ਡਿਪਟੀ ਅਤੇ ਸ਼ੱਕੀ ਜ਼ਖ਼ਮੀ ਹੋ ਗਏ। ਦੋਵੇਂ ਹਸਪਤਾਲਭਰਤੀ ਹਨ।

## ਭਾਰਤ ਦੀ ਮਦਦ ਦੇ ਬਹਾਨੇ ਪਾਕਿਸਤਾਨ ਦੀ ਸੰਸਥਾ ਨੇ 158 ਕਰੋੜ ਇਕੱਠੇ ਕੀਤੇ

ਵਾਸ਼ਿੰਗਟਨ, 17 ਜੂਨ (ਪੋਸਟ ਬਿਊਰੋ)- ਅਮਰੀਕਾ ਵਿਚਲੀ ਪਾਕਿਸਤਾਨੀ ਸੰਸਥਾ ਨੇ ਕੋਰੋਨਾ ਮਹਾਮਾਰੀ ਦੌਰਾਨ ਭਾਰਤ ਦੀ ਮਦਦ ਕਰਨ ਦੇ ਨਾਂ ਉਤੇ 158 ਕਰੋੜ ਦਾ ਚੰਦਾ ਇਕੱਠਾ ਕੀਤਾ ਹੈ, ਪਰ ਇੱਕ ਰਿਪੋਰਟ ਦੇ ਮੁਤਾਬਕ ਇਸਦਾ ਇਸਤੇਮਾਲ ਟੈਰਰ ਫੰਡਿੰਗ ਵਿੱਚ ਕੀਤਾ ਗਿਆ ਹੋਣ ਦਾ ਸ਼ੱਕ ਹੈ।

ਡਿਸਇਨਫੋ ਲੈਬ ਨੇ 'ਕੋਵਿਡ-19 ਸਕੈਮ 2021'ਦੀ ਇੱਕ ਰਿਪੋਰਟ ਵਿੱਚ ਇਸ ਨੂੰ ਮਨੁੱਖੀ ਸਹਾਇਤਾ ਦੇ ਨਾਂ ਉਤੇ ਕੀਤੇ ਗਏ ਇਤਿਹਾਸ ਦੇ ਸਭ ਤੋਂ ਬੁਰੇ ਘਪਲਿਆਂ ਵਿੱਚੋਂ ਦੱਸਿਆ ਗਿਆ ਹੈ, ਕਿਉਂਕਿ 'ਹੈਲਪਿੰਗ ਇੰਡੀਆ ਬ੍ਰੀਦ' ਦੇ ਨਾਂ ਉਤੇ ਲੱਖਾਂ ਡਾਲਰ ਦੀ ਚੋਰੀ ਕੀਤੀ ਗਈ ਹੈ।ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਦਾ ਸਾਹਮਣਾ ਕਰ ਰਹੇ ਭਾਰਤ




ਨੂੰ ਦੁਨੀਆ ਭਰ ਤੋਂ ਮਦਦ ਮਿਲੀ ਹੈ, ਪਰ ਕੁਝ ਸੰਗਠਨਾਂ ਨੇ ਦਾਨ ਦੇ ਨਾਂ ਉਤੇ ਨਾਜਾਇਜ਼ ਧਨ ਇਕੱਠਾ ਕਰਨ ਲਈ ਇਸ ਸੰਕਟ ਨੂੰ ਵਰਤਿਆ ਹੈ। ਇਨ੍ਹਾਂ ਵਿੱਚ ਅਮਰੀਕਾ ਸਥਿਤ ਪਾਕਿਸਤਾਨੀ ਐਨ ਜੀ ਓ ਇਸਲਾਮਿਕ ਮੈਡੀਕਲ ਐਸੋਸੀਏਸ਼ਨ ਨਾਰਥ ਅਮਰੀਕਾ (ਆਈ ਐਮ ਏ ਐਨ ਏ) ਨੇ ਕੋਰੋਨਾ ਦੇ ਸੰਕਟ ਵਿੱਚ ਭਾਰਤ ਦੀ ਮਦਦ ਲਈ ਜੋ ਫੰਡ ਇਕੱਠਾ ਕੀਤਾ, ਉਸ ਨੂੰ ਅੱਤਵਾਦੀਆਂ ਲਈ ਵਰਤੇ ਜਾਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ।ਡਿਸਇਨਫੋ ਲੈਬ ਨੇ ਕਈ ਅਜਿਹੇ ਚੈਰਿਟੀ ਸੰਗਠਨਾਂ ਦਾ ਪਰਦਾਫਾਸ ਕੀਤਾ ਹੈ,ਜੋ ਭਾਰਤ ਦੇ ਨਾਂ ਦਾ ਫਾਇਦਾ ਲੈ ਕੇ ਧਨ ਇਕੱਠਾ ਕਰਦੇ ਰਹੇ। ਇਨ੍ਹਾਂ ਸੰਗਠਨਾਂ ਦੇ ਕੱਟੜਪੰਥੀ ਇਸਲਾਮਵਾਦੀਆਂ ਅਤੇ ਅੱਤਵਾਦੀ ਸੰਗਠਨਾਂ ਨਾਲ ਗੂੜੇ ਸੰਬੰਧ ਹਨ ਅਤੇ ਇਨ੍ਹਾਂ ਨੂੰ ਪਾਕਿਸਤਾਨੀ ਫੌਜ ਨਾਲ ਮਿਲਕੇ ਚਲਾਇਆ ਜਾ ਰਿਹਾ ਹੈ। ਆਈ ਐਮ ਏ ਐਨ ਏ ਦੇ ਮੌਜੂਦਾ ਪ੍ਰਧਾਨ ਡਾ. ਇਸਮਾਈਲ ਮੇਹਨ ਨੇ 27 ਅਪ੍ਰੈਲ 2021 ਨੂੰ ਇੰਸਟਾਗ੍ਰਾਮ ਉੱਤੇ ਮੁਹਿੰਮ ਸ਼ੁਰੂ ਕੀਤੀ ਸੀ, ਜਿਸਦਾ ਨਾ ਤਾਂ ਭਾਰਤ ਵਿੱਚ ਕੋਈ ਦਫ਼ਤਰ ਅਤੇ ਨਾ ਕੋਈ ਪ੍ਰਤੀਨਿਧੀ ਹੈ। ਸਵਾਲ ਉਠਦਾ ਰਿਹਾ ਹੈ ਕਿ ਫਿਰ ਫੰਡ ਕਿਸ ਕੋਲ ਗਿਆ?

## ਅੰਗ ਟਰਾਂਸਪਲਾਂਟ ਕਰਵਾ ਚੁੱਕੇ ਲੋਕਾਂ ਲਈ ਕੋਵਿਡ ਵਿਰੋਧੀ ਟੀਕੇ ਦੀ ਵਾਧੂ ਖ਼ੁਰਾਕ ਫਾਇਦੇਮੰਦ

ਵਾਸ਼ਿੰਗਟਨ, 17 ਜੂਨ (ਪੋਸਟ ਬਿਊਰੋ)- ਇੱਕ ਛੋਟੇ ਪੱਧਰ ਦੀ ਖੋਜ ਵਿੱਚ ਸੰਕੇਤ ਮਿਲਿਆ ਹੈ ਕਿ ਕੋਵਿਡ-19 ਵਿਰੋਧੀ ਟੀਕੇ ਦੀ ਵਾਧੂ ਖ਼ੁਰਾਕ ਦੇਣ ਨਲ ਅੰਗ ਟਰਾਂਸਪਲਾਂਟ ਕਰਵਾ ਚੁੱਕੇ ਮਰੀਜ਼ਾਂ ਦਾ ਇਸ ਮਹਾਮਾਰੀ ਤੋਂ ਵੱਧ ਬਚਾਅ ਹੁੰਦਾ ਹੈ। ਟੀਕਾ ਲਵਾ ਚੁੱਕੇ ਲੋਕਾਂ ਦਾ ਜੀਵਨ ਜਿੱਥੇ ਨਾਰਮਲ ਹੁੰਦਾ ਜਾਪਦਾ ਹੈ, ਉਥੇ ਅਜਿਹੇ ਲੱਖਾਂ ਲੋਕ ਹਨ, ਜਿਹੜੇ ਪ੍ਰਤੀਰੋਧਕ ਸਮਰੱਥਾ ਨੂੰ ਘੱਟ ਕਰਨ ਵਾਲੀਆਂ ਦਵਾਈਆਂ ਲੈਂਦੇ ਹਨ। ਇਨ੍ਹਾਂ ਵਿੱਚੋਂ ਕੁਝ ਲੋਕ ਅੰਗ ਟਰਾਂਸਪਲਾਂਟ ਕਾਰਨ ਕੁਝ ਕੈਂਸਰ ਜਾਂ ਹੋਰਨਾਂ ਵਿਕਾਰਾਂ ਦੇ ਕਾਰਨ ਅਜਿਹੀਆਂ ਦਵਾਈਆਂ ਲੈਣ ਲਈ ਮਜਬੂਰ ਹਨ ਅਤੇ ਉਨ੍ਹਾਂ ਲਈ ਇਹ ਭੰਬਲਭੂਸੇ ਵਾਲੀ ਸਥਿਤੀ ਬਣੀ



ਰਹਿੰਦੀ ਹੈ ਕਿ ਉਹ ਅਸਲ ਵਿੱਚ ਕਿੰਨੇ ਸੁਰੱਖਿਅਤ ਹਨ ਕਿਉਂਕਿ ਕਮਜ਼ੋਰ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਟੀਕਿਆਂ ਦੇ ਜ਼ਰੀਏ ਮਜ਼ਬੂਤ ਬਣਾਉਣਾ ਆਸਾਨ ਨਹੀਂ ਹੈ।

ਇਹ ਖੋਜ ਛੋਟੇ ਪੱਧਰ ਉਤੇ ਕੀਤੀ ਗਈ, ਜਿਸ ਵਿੱਚ ਅੰਗ ਟਰਾਂਸਪਲਾਂਟ ਦੇ ਕੇਵਲ ਤੀਹ ਮਰੀਜ਼ਾਂ ਨੂੰ ਸ਼ਾਮਲ ਕੀਤਾ ਗਿਆ, ਪਰ ਕੋਰੋਨਾ ਵਾਇਰਸ ਦੇ ਬਚਾਅ ਦੇ ਲਿਹਾਜ ਨਾਲ ਟੀਕੇ ਦੀ ਵਾਧੂ ਖ਼ੁਰਾਕ ਦੇ ਪ੍ਰਭਾਵ ਨੂੰ ਸਮਝਣ ਦੇ ਲਈ ਇਹ ਇੱਕ ਮਹੱਤਵਪੂਰਨ ਖੋਜ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇਂ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ

# ਓਸਲਰ ਹਸਪਤਾਲਾਂ ਦੀ ਮੱਦਦ ਲਈ ਓਸਲਰ ਇੰਪਲੌਈਜ਼ ਨੇ ਇੱਕਠੇ ਕੀਤੇ 1 ਮਿਲੀਅਨ ਡਾਲਰ

ਬਰੈਂਪਟਨ, 17 ਜੂਨ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਨੂੰ ਇਹ ਦੱਸਦਿਆਂ ਹੋਇਆਂ ਮਾਣ ਹੋ ਰਿਹਾ ਹੈ ਕਿ ਓਸਲਰ ਹਸਪਤਾਲਾਂ ਦੀ ਮਦਦ ਲਈ ਓਸਲਰ ਇੰਪਲੌਈਜ਼ ਵੱਲੋਂ ਇੱਕ ਮਿਲੀਅਨ ਡਾਲਰ ਇੱਕਠੇ ਕੀਤੇ ਗਏ ਹਨ।




ਜਿਨ੍ਹਾਂ ਹਸਪਤਾਲਾਂ ਦੀ ਮਦਦ ਲਈ ਇਹ ਰਕਮ ਇੱਕਠੀ ਕੀਤੀ ਗਈ ਹੈ ਉਨ੍ਹਾਂ ਵਿੱਚ ਬਰੈਂਪਟਨ ਸਿਵਿਕ ਹਸਪਤਾਲ, ਇਟੋਬੀਕੋ ਜਨਰਲ ਹਸਪਤਾਲ ਤੇ ਪੀਲ ਮੈਮੋਰੀਅਲ ਸੈਂਟਰ ਫੌਰ ਇੰਟੇਗ੍ਰੇਟਿਡ ਹੈਲਥ ਐਂਡ ਵੈੱਲਨੈੱਸ (ਓਸਲਰ) ਸ਼ਾਮਲ ਹਨ। ਦਸ ਸਾਲ ਪਹਿਲਾਂ ਓਸਲਰ ਫਾਊਂਡੇਸ਼ਨ ਵੱਲੋਂ ਯੂ ਹੈਵ ਦ ਪਾਵਰ ਕੈਂਪੇਨ ਚਲਾਈ ਗਈ ਸੀ ਤੇ ਇਸ ਤਹਿਤ ਓਸਲਰ ਹਸਪਤਾਲਾਂ ਦੀ ਮਦਦ ਲਈ 100 ਮਿਲੀਅਨ ਡਾਲਰ ਇੱਕ ਕਰਨ ਦਾ ਟੀਚਾ ਮਿਥਿਆ ਗਿਆ ਸੀ। ਇਸ ਕੈਂਪੇਨ ਦੇ ਹਿੱਸੇ ਵਜੋਂ 2013 ਵਿੱਚ ਓਸਲਰ ਇੰਪਲੌਈਜ਼ ਨੇ ਇੱਕ ਮਿਲੀਅਨ ਡਾਲਰ ਡੋਨੇਟ ਕਰਨ ਦੀ ਵਚਨਬੱਧਤਾ ਪ੍ਰਗਟਾਈ ਸੀ। 34000 ਡੋਨਰਜ਼, ਜਿਨ੍ਹਾਂ ਵਿੱਚ ਓਸਲਰ ਦੇ ਡਾਕਟਰ ਤੇ 1100 ਓਸਲਰ ਸਟਾਫ ਮੈਂਬਰਾਂ ਦੀ ਮਦਦ ਨਾਲ ਇਸ ਕੈਂਪੇਨ ਰਾਹੀਂ 109 ਮਿਲੀਅਨ ਡਾਲਰ ਇੱਕਠੇ ਹੋ ਚੁੱਕੇ ਹਨ।

ਇਨ੍ਹਾਂ ਫੰਡਾਂ ਦੀ ਮਦਦ ਨਾਲ ਪੀਲ ਮੈਮੋਰੀਅਲ ਦੇ ਨਿਰਮਾਣ ਤੇ ਇਸ ਨੂੰ ਸਾਜ਼ੋ ਸਮਾਨ ਨਾਲ ਲੈਸ ਕਰਨ ਦੇ ਨਾਲ ਨਾਲ ਇਟੋਬੀਕੋ ਜਨਰਲ ਵਿੱਚ ਨਵਾਂ ਪੇਸ਼ੈਂਟ ਟਾਵਰ ਬਣਾਇਆ ਗਿਆ। ਇਸ ਤੋਂ ਇਲਾਵਾ ਬਰੈਂਪਟਨ ਸਿਵਿਕ ਵਿੱਚ ਐਕਸ-ਰੇਅ ਮਸ਼ੀਨਾਂ, ਵਾਈਟਲ ਸਾਈਨਜ਼ ਮੌਨੀਟਰਜ਼, ਸਪੈਸ਼ਲ ਬੈੱਡ ਤੇ ਬੱਚਿਆਂ ਲਈ ਕਾਰਡੀਐਕ ਮੌਨੀਟਰਜ਼ ਵੀ ਲਾਏ ਗਏ।

ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨੇ ਮੇਅਹਿਊ ਨੇ ਆਖਿਆ ਕਿ ਫੰਡ ਦੇਣ ਵਾਲੇ ਸਾਰੇ ਮੁਲਾਜ਼ਮਾਂ ਤੇ ਲੋਕਾਂ ਦਾ ਉਹ ਧੰਨਵਾਦ ਕਰਦੇ ਹਨ। ਖਾਸ ਤੌਰ ਉੱਤੇ ਉਹ ਇੰਪਲੌਈ ਗਿਵਿੰਗ ਕੈਂਪੇਨ ਕਮੇਟੀਜ਼ ਦਾ ਧੰਨਵਾਦ ਕਰਨਗੇ ਜਿਨ੍ਹਾਂ ਨੇ ਇਸ ਸੰਕਟ ਦੀ ਘੜੀ ਵਿੱਚ ਦਿਨ ਰਾਤ ਇੱਕ ਕਰਕੇ ਇਹ ਫੰਡ ਜੁਟਾਏ। ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਤੇ ਸੀਈਓ ਡਾ. ਨਵੀਦ ਮੁਹੰਮਦ ਨੇ ਆਖਿਆ ਕਿ ਇਹ ਸਾਡੀ ਕਮਿਊਨਿਟੀ ਲਈ ਬਹੁਤ ਵੱਡਾ ਨਿਵੇਸ਼ ਹੈ। ਜ਼ਿਕਰਯੋਗ ਹੈ ਕਿ ਭਾਵੇਂ ਯੂ ਹੈਵ ਦ ਪਾਵਰ ਕੈਂਪੇਨ ਰਸਮੀ ਤੌਰ ਉੱਤੇ ਬੰਦ ਹੋ ਚੁੱਕੀ ਹੈ ਪਰ ਫੰਡਰੇਜ਼ ਕਰਨ ਦਾ ਸਿਲਸਿਲਾ ਜਾਰੀ ਰਹੇਗਾ।

# ਬੇਕਰੀ ਵਿੱਚ ਲੱਗੀ ਜ਼ਬਰਦਸਤ ਅੱਗ, ਹੋਇਆ ਭਾਰੀ ਮਾਲੀ ਨੁਕਸਾਨ

ਇਟੋਬੀਕੋ, 17 ਜੂਨ (ਪੋਸਟ ਬਿਊਰੋ) : ਇਟੋਬੀਕੋ ਵਿੱਚ ਇੱਕ ਬੇਕਰੀ ਵਿੱਚ ਅੱਗ ਲੱਗ ਜਾਣ ਕਾਰਨ ਭਾਰੀ ਮਾਲੀ ਨੁਕਸਾਨ ਹੋਇਆ। ਫਾਇਰ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਮੰਗਲਵਾਰ ਨੂੰ ਰਾਤੀਂ 10:00 ਵਜੇ ਤੋਂ ਪਹਿਲਾਂ ਕਿਪਲਿੰਗ ਐਵਨਿਊ ਨੇੜੇ ਬੈਰਿੰਗ ਐਵਨਿਊ ਤੇ ਜੱਜ ਰੋਡ ਉੱਤੇ ਸਥਿਤ ਬੇਕਰੀ ਦੇ ਓਵਨ ਵਿੱਚ ਅੱਗ ਲੱਗ ਜਾਣ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਅੱਗ ਬੜੀ ਤੇਜ਼ੀ ਨਾਲ ਫੈਲ ਗਈ ਤੇ ਅੱਗ ਦੀਆਂ ਲਪਟਾਂ ਬਿਲਡਿੰਗ ਦੀ ਛੱਤ ਤੋਂ ਬਾਹਰ ਨਜ਼ਰ ਆਉਣ ਲੱਗੀਆਂ ਤੇ ਜਲਦ ਹੀ ਚਾਰੇ ਪਾਸੇ ਸੰਘਣਾਂ ਧੂੰਆਂ ਫੈਲ ਗਿਆ।

ਫਾਇਰ ਅਧਿਕਾਰੀ ਨੇ ਦੱਸਿਆ ਕਿ ਅੱਗ ਲੱਗਣ ਕਾਰਨ ਇਮਾਰਤ ਐਨੀ ਖਸਤਾ ਹੋ ਗਈ ਕਿ ਡਿੱਗ



ਗਈ। ਫਾਇਰ ਫਾਈਟਰਜ਼ ਨੂੰ ਰਾਤ ਭਰ ਅੱਗ ਉੱਤੇ ਕਾਬੂ ਪਾਉਣ ਲਈ ਮਸ਼ੱਕਤ ਕਰਨੀ ਪਈ। ਫਾਇਰ ਫਾਈਟਰਜ਼ ਨੇ ਦੱਸਿਆ ਕਿ ਸਾਰੀ ਰਾਤ ਹਵਾ ਚੱਲਣ ਕਾਰਨ ਅੱਗ ਸੁਲਗਦੀ ਰਹੀ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਇਮਾਰਤ ਵਿੱਚ ਗੈਸ ਤੇ ਹਾਈਡਰੋ ਦੋਵਾਂ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਇਲਾਕੇ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ।

# ਟਰਾਂਸਪੋਰਟ ਟਰੱਕਾਂ ਦੀ ਟੱਕਰ ਵਿੱਚ 4 ਜ਼ਖ਼ਮੀ

ਵਾਅਨ, 17 ਜੂਨ (ਪੋਸਟ ਬਿਊਰੋ) : ਵਾਅਨ ਵਿੱਚ ਦੋ ਟਰੈਕਟਰ ਟਰੇਲਰਜ਼ ਦਰਮਿਆਨ ਹੋਈ ਟੱਕਰ ਵਿੱਚ ਚਾਰ ਵਿਅਕਤੀ ਜ਼ਖ਼ਮੀ ਹੋ ਗਏ।

ਇਸ ਹਾਦਸੇ ਦੀ ਰਾਤੀਂ 7:30 ਵਜੇ ਰਿਪੋਰਟ ਮਿਲਣ ਤੋਂ ਬਾਅਦ ਯੌਰਕ ਪੁਲਿਸ ਨਿਊ ਹੰਟਿੰਗਟਨ ਤੇ ਜ਼ੈਨਵੇਅ ਬੋਲੀਵੀਆਰਡ ਪਹੁੰਚੀ। ਇੰਸਪੈਕਟਰ ਮਾਈਕਲ ਲੈਂਗਮੈਨ ਬਲਮਰ ਨੇ ਆਖਿਆ ਕਿ ਇੱਕ ਗੱਡੀ




ਵੱਲੋਂ ਟਰਾਂਸਪੋਰਟ ਟਰੱਕ ਨੂੰ ਟੱਕਰ ਮਾਰੀ ਗਈ ਤੇ ਫਿਰ ਉਹ ਟਰੱਕ ਇੱਕ ਹੋਰ ਟਰਾਂਸਪੋਰਟ ਟਰੱਕ ਨਾਲ ਟਕਰਾ ਗਿਆ। ਫਿਰ ਉਹ ਟਰੱਕ ਅੱਗੇ ਖੰਭੇ ਨਾਲ ਟਕਰਾ ਗਿਆ।

ਇਨ੍ਹਾਂ ਵ੍ਹੀਕਲਜ਼ ਵਿੱਚ ਸਵਾਰ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ। ਇੱਕ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ ਤੇ ਦੂਜਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੈ। ਦੋ ਹੋਰਨਾਂ ਜ਼ਖ਼ਮੀ ਵਿਅਕਤੀਆਂ ਦਾ ਪੈਰਾਮੈਡਿਕਸ ਵੱਲੋਂ ਮੌਕੇ ਉੱਤੇ ਇਲਾਜ ਕੀਤਾ ਗਿਆ। ਜ਼ੈਨਵੇਅ ਨੂੰ ਇਸ ਸਮੇਂ ਬੰਦ ਕਰ ਦਿੱਤਾ ਗਿਆ ਹੈ ਤੇ ਡਰਾਈਵਰਾਂ ਨੂੰ ਇਸ ਪਾਸੇ ਨਾ ਆਉਣ ਦੀ ਸਲਾਹ ਦਿੱਤੀ ਗਈ ਹੈ।

# ਸੜਕ ਉੱਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਮਿਲੀ ਮਹਿਲਾ, ਪੁਲਿਸ ਵੱਲੋਂ ਜਾਂਚ ਜਾਰੀ

ਦਰਹਾਮ, 17 ਜੂਨ (ਪੋਸਟ ਬਿਊਰੋ) : ਐਤਵਾਰ ਸਵੇਰੇ ਇਸ ਇਲਾਕੇ ਵਿੱਚ ਇੱਕ ਪਿੰਡ ਨੂੰ ਜਾਣ ਵਾਲੀ ਸੜਕ ਉੱਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਪਾਈ ਗਈ ਮਹਿਲਾ ਦੇ ਮਾਮਲੇ ਵਿੱਚ ਹਿੱਟ ਐਂਡ ਰੰਨ ਦੇ ਸਬੰਧ ਵਿੱਚ ਦਰਹਾਮ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਕੋਟਸ ਰੋਡ ਉੱਤੇ ਉਨ੍ਹਾਂ ਨੂੰ ਸਵੇਰੇ 7:15 ਦੇ ਨੇੜੇ ਤੇੜੇ ਇੱਕ ਮਹਿਲਾ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਜ਼ਖ਼ਮੀ ਹਾਲਤ ਵਿੱਚ ਮਿਲੀ। ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ



ਇਸ ਮਹਿਲਾ ਨੂੰ ਕਿਸੇ ਚੱਲਦੀ ਗੱਡੀ ਵਿੱਚੋਂ ਸੁੱਟਿਆ ਗਿਆ ਜਾਂ ਕਿਸੇ ਗੱਡੀ ਨੇ ਇਸ ਨੂੰ ਟੱਕਰ ਮਾਰੀ।

ਓਕਰਿੱਜ ਟਰੇਲ ਤੇ ਸਟੀਵਨਸਨ ਰੋਡ ਦਰਮਿਆਨ ਕੋਟਸ ਰੋਡ ਦਾ ਇਲਾਕਾ ਬੰਦ ਕਰ ਦਿੱਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਹੋਰ ਵੇਰਵੇ ਪੁਲਿਸ ਵੱਲੋਂ ਜਾਰੀ ਨਹੀਂ ਕੀਤੇ ਗਏ।

# ਵੈਕਸੀਨੇਸ਼ਨ ਕਲੀਨਿਕ ਉੱਤੇ ਨਸਲਵਾਦੀ ਟਿੱਪਣੀਆਂ ਕਰਨ ਵਾਲੇ ਵਿਅਕਤੀ ਨੂੰ ਪੁਲਿਸ ਨੇ ਕੀਤਾ ਚਾਰਜ

ਵਾਅਨ, 17 ਜੂਨ (ਪੋਸਟ ਬਿਊਰੋ) : ਵਾਅਨ ਵਿੱਚ ਇੱਕ ਵੈਕਸੀਨੇਸ਼ਨ ਕਲੀਨਿਕ ਵਿੱਚ ਨਫਰਤ ਨਾਲ ਸਬੰਧਤ ਇੱਕ ਘਟਨਾ ਬਾਬਤ ਯੌਰਕ ਰੀਜਨ ਦੀ ਪੁਲਿਸ ਨੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਹੈ।

ਪੁਲਿਸ ਨੇ ਦੱਸਿਆ ਕਿ ਜੂਨ ਦੇ ਸ਼ੁਰੂ ਵਿੱਚ ਇੱਕ ਵਿਅਕਤੀ ਨੇ ਕਲੀਨਿਕ ਦੇ ਇੰਪਲੌਈਜ਼ ਉੱਤੇ ਨਸਲਵਾਦੀ ਟਿੱਪਣੀਆ ਕੀਤੀਆਂ। ਸਿਆਹ ਨਸਲ ਦੇ ਇੰਪਲੌਈਜ਼ ਖਿਲਾਫ ਇਸ ਤਰ੍ਹਾਂ ਦੀਆਂ ਟਿੱਪਣੀਆਂ ਕਰਨ ਤੋਂ ਇਲਾਵਾ ਇਸ ਸ਼ਖ਼ਸ ਨੇ ਕਰਮਚਾਰੀਆਂ ਤੇ ਸਕਿਊਰਿਟੀ ਉੱਤੇ ਥੁੱਕਣ ਦੀ ਵੀ ਕੋਸ਼ਿਸ਼ ਕੀਤੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਵੀਰਵਾਰ ਇਸ ਸ਼ਖਸ ਨੂੰ ਗ੍ਰਿਫਤਾਰ ਕਰ ਲਿਆ।

ਵਾਅਨ ਦੇ 51 ਸਾਲਾ ਐਰੇਜ਼




ਹਾਰੋਸ਼ ਨੂੰ ਹਮਲਾ ਕਰਨ ਦੇ ਦੋਸ਼ ਵਿੱਚ ਚਾਰਜ ਕੀਤੀ ਗਿਆ ਹੈ। ਪੁਲਿਸ ਨੇ ਰੈਜ਼ੀਡੈਂਟਸ ਨੂੰ ਆਖਿਆ ਹੈ ਕਿ ਜੇ ਕੋਈ ਵੀ ਵਿਅਕਤੀ ਕਿਸੇ ਖਿਲਾਫ ਨਫਰਤ, ਨਸਲਵਾਦ ਜਾਂ ਪੱਖਪਾਤ ਵਾਲੀਆਂ ਟਿੱਪਣੀਆਂ ਕਰਦਾ ਜਾਂ ਕੋਈ ਹਰਕਤ ਕਰਦਾ ਹੈ ਤਾਂ ਉਹ ਫੌਰੀ ਉਨ੍ਹਾਂ ਨੂੰ ਜਾਣਕਾਰੀ ਦੇਣ।

ਇੱਕ ਬਿਆਨ ਵਿੱਚ ਯੌਰਕ ਪੁਲਿਸ ਨੇ ਆਖਿਆ ਕਿ ਅਸੀਂ ਇਸ ਗੱਲ ਤੋਂ ਜਾਣੂ ਹਾਂ ਕਿ ਹੇਟ ਨਾਲ ਸਬੰਧਤ ਮਾਮਲੇ ਰਿਪੋਰਟ ਹੀ ਨਹੀਂ ਕੀਤੇ ਜਾਦੇ ਤੇ ਅਸੀਂ ਆਪਣੀ ਕਮਿਊਨਿਟੀ ਨੂੰ ਇਹ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਅਸੀਂ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਤੇ ਪ੍ਰਾਪਤ ਹੋਈਆ ਸਾਰੀਆਂ ਰਿਪੋਰਟਾਂ ਦੀ ਜਾਂਚ ਵੀ ਕਰਦੇ ਹਾਂ।

# ਕਈ ਗੱਡੀਆਂ ਦੀ ਟੱਕਰ ਵਿੱਚ 4 ਜ਼ਖ਼ਮੀ

ਮਿਸੀਸਾਗਾ, 17 ਜੂਨ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਕਈ ਗੱਡੀਆਂ ਦੀ ਹੋਈ ਟੱਕਰ ਵਿੱਚ ਚਾਰ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਹਾਦਸੇ ਵਿੱਚ ਮਿਸੀਸਾਗਾ ਟਰਾਂਜ਼ਿਟ ਬੱਸ ਤੇ ਤਿੰਨ ਹੋਰ ਗੱਡੀਆਂ ਵੀ ਸ਼ਾਮਲ ਸਨ।

ਇਹ ਹਾਦਸਾ ਮੰਗਲਵਾਰ ਸਵੇਰੇ 6:00 ਵਜੇ ਤੋਂ ਠੀਕ ਪਹਿਲਾਂ ਡੈਰੀ ਰੋਡ ਤੇ ਡਿਕਸੀ ਰੋਡ ਉੱਤੇ ਹੋਇਆ। ਪੀਲ ਪੁਲਿਸ ਨੇ ਦੱਸਿਆ



ਕਿ ਇਸ ਹਾਦਸੇ ਵਿੱਚ ਬੱਸ ਦਾ ਡਰਾਈਵਰ, ਇੱਕ ਹੋਰ ਗੱਡੀ ਦਾ ਡਰਾਈਵਰ ਤੇ ਦੋ ਹੋਰ ਵਿਅਕਤੀ ਜ਼ਖ਼ਮੀ ਹੋਏ ਸਨ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਕਾਫੀ ਨਾਜ਼ੁਕ ਸੀ। ਡੈਰੀ ਰੋਡ ਨੂੰ ਲਾਂਘੇ ਦੇ ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ।

# ਕੈਨੇਡਾ ਦੇ ਵੈਕਸੀਨ ਲਾਜਿਸਟਿਕਸ ਹੈੱਡ ਵਜੋਂ ਹਟਾਏ ਜਾਣ ਦੇ ਫੈਸਲੇ ਨੂੰ ਫੋਰਟਿਨ ਨੇ ਦਿੱਤੀ ਕਾਨੂੰਨੀ ਚੁਣੌਤੀ

ਓਟਵਾ, 17 ਜੂਨ (ਪੋਸਟ ਬਿਊਰੋ) : ਮੇਜਰ ਜਨਰਲ ਡੈਨੀ ਫੋਰਟਿਨ ਨੇ ਖੁਦ ਨੂੰ ਕੈਨੇਡਾ ਦੇ ਵੈਕਸੀਨ ਲਾਜਸਟਿਕਸ ਹੈੱਡ ਵਜੋਂ ਹਟਾਏ ਜਾਣ



ਦੇ ਫੈਸਲੇ ਦਾ ਕਾਨੂੰਨੀ ਮੁਲਾਂਕਣ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਲਈ ਉਨ੍ਹਾਂ ਵੱਲੋਂ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਹੈ।

ਉਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੇ ਦੋ ਕੈਬਨਿਟ ਮੰਤਰੀਆਂ, ਰੱਖਿਆ ਮੰਤਰੀ ਹਰਜੀਤ ਸੱਜਣ ਤੇ ਸਿਹਤ ਮੰਤਰੀ ਪੈਟੀ ਹਾਜ਼ਦੂ ਖਿਲਾਫ ਇਸ ਮਾਮਲੇ ਵਿੱਚ ਸਿਆਸੀ ਦਖਲਅੰਦਾਜ਼ੀ ਕਰਨ ਦਾ ਵੀ ਦੋਸ਼ ਲਾਇਆ ਹੈ। ਆਪਣੀ ਅਰਜ਼ੀ ਵਿੱਚ ਉਨ੍ਹਾਂ ਇਹ ਵੀ ਆਖਿਆ ਕਿ ਜਾਣਬੁੱਝ ਕੇ ਜਨਤਕ ਤੌਰ ਉੱਤੇ ਉਨ੍ਹਾਂ ਦੀ ਸਾਖ਼ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਫੋਰਟਿਨ ਖਿਲਾਫ ਲਾਏ ਗਏ ਕੋਈ ਵੀ ਦੋਸ਼ ਅਜੇ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ।

ਫੋਰਟਿਨ ਦੇ ਵਕੀਲਾਂ ਵੱਲੋਂ ਸੋਮਵਾਰ ਨੂੰ ਫੈਡਰਲ ਅਦਾਲਤ ਵਿੱਚ ਅਰਜ਼ੀ ਦੇ ਕੇ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀ ਐਚ ਏ ਸੀ) ਦੇ ਅਹੁਦੇ ਤੋਂ ਉਨ੍ਹਾਂ ਨੂੰ ਹਟਾਏ ਜਾਣ ਤੇ ਦੁਬਾਰਾ ਅਜਿਹੀ ਜ਼ਿੰਮੇਵਾਰੀ ਨਾ ਦੇਣ ਦੇ ਮਾਮਲੇ ਵਿੱਚ ਕਾਨੂੰਨ ਮੁਲਾਂਕਣ ਦੀ ਮੰਗ ਕੀਤੀ ਗਈ ਹੈ। ਇਸ ਅਰਜ਼ੀ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਫੋਰਟਿਨ ਖਿਲਾਫ ਲਏ ਗਏ ਇਸ ਫੈਸਲੇ ਨੂੰ ਰੱਦ ਕੀਤਾ ਜਾਵੇ ਤੇ ਉਨ੍ਹਾਂ ਨੂੰ ਪੀ ਐਚ ਏ ਸੀ ਦੇ ਪਹਿਲਾਂ ਵਾਲੇ ਅਹੁਦੇ ਉੱਤੇ ਬਹਾਲ ਕੀਤਾ ਜਾਵੇ ਜਾਂ ਫਿਰ ਇੱਥੇ ਹੀ ਫੋਰਟਿਨ ਨੂੰ ਉਨ੍ਹਾਂ ਦੇ ਰੈਂਕ ਦੇ ਬਰਾਬਰ ਕੋਈ ਅਹੁਦਾ ਦਿੱਤਾ ਜਾਵੇ।


ਜ਼ਿਕਰਯੋਗ ਹੈ ਕਿ ਫੋਰਟਿਨ ਨੂੰ 14 ਮਈ ਨੂੰ ਵੈਕਸੀਨ ਰੋਲਆਊਟ ਤੋਂ ਹਟਾ ਦਿੱਤਾ ਗਿਆ ਸੀ। ਇਸ ਤੋਂ ਪੰਜ ਦਿਨ ਬਾਅਦ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ ਵੱਲੋਂ ਫੋਰਟਿਨ ਖਿਲਾਫ ਜਿਨਸੀ ਸ਼ੋਸ਼ਣ ਸਬੰਧੀ ਜਾਂਚ ਦੇ ਹੁਕਮ ਦਿੱਤੇ ਗਏ ਸਨ। ਪਰ ਆਪਣੇ ਵਕੀਲਾਂ ਰਾਹੀਂ ਫੋਰਟਿਨ ਨੇ ਇਹ ਆਖਿਆ ਹੈ ਕਿ ਉਨ੍ਹਾਂ ਕੋਈ ਗਲਤੀ ਨਹੀਂ ਕੀਤੀ ਤੇ ਉਨ੍ਹਾਂ ਖਿਲਾਫ ਲਾਏ ਗਏ ਦੋਸ਼ ਬੇਬੁਨਿਆਦ ਹਨ।

# ਡਿਊਟੀ ਉੱਤੇ ਤਾਇਨਾਤ ਆਰ ਸੀ ਐਮ ਪੀ ਅਧਿਕਾਰੀ ਦੇ ਮਾਰੇ ਜਾਣ ਉੱਤੇ ਪ੍ਰਧਾਨ ਮੰਤਰੀ ਨੇ ਪ੍ਰਗਟਾਇਆ ਦੁੱਖ

ਰੇਜਾਈਨਾ, 17 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਡਿਊਟੀ ਉੱਤੇ ਤਾਇਨਾਤ ਇੱਕ ਆਰਸੀਐਮਪੀ ਅਧਿਕਾਰੀ ਦੇ ਮਾਰੇ ਜਾਣ ਉੱਤੇ ਸਸਕੈਚਵਨ ਤੇ ਕੈਨੇਡਾ ਭਰ ਤੋਂ ਪੁਲਿਸ ਅਧਿਕਾਰੀਆਂ ਤੇ ਕਮਿਊਨਿਟੀ ਮੈਂਬਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਟਵਿੱਟਰ ਉੱਤੇ ਸਾਂਝੇ ਕੀਤੇ ਗਏ ਮੈਸੇਜ ਵਿੱਚ ਲਿਖਿਆ ਗਿਆ ਕਿ ਅੱਜ ਰਾਤ ਸਸਕੈਚਵਨ ਤੋਂ ਬਹੁਤ ਹੀ ਮਾੜੀ ਖਬਰ ਆਈ ਹੈ। ਉਨ੍ਹਾਂ ਲਿਖਿਆ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਮਾਰੇ ਗਏ ਆਫੀਸਰ ਸ਼ੈਲਬੀ ਪੈਟਨ ਦੇ ਪਰਿਵਾਰ ਦੇ ਨਾਲ ਹਨ।

ਜ਼ਿਕਰਯੋਗ ਹੈ ਕਿ 26 ਸਾਲ ਕਾਂਸਟੇਬਲ ਪੈਟਨ ਨੇ ਸ਼ਨਿੱਚਰਵਾਰ ਨੂੰ ਸਵੇਰੇ 8:00 ਵਜੇ ਦੇ ਨੇੜੇ ਤੇੜੇ ਵੌਲਸਲੇ, ਸਸਕੈਚਵਨ ਵਿੱਚ ਇੱਕ ਚੋਰੀ ਕੀਤੇ ਗਏ ਟਰੱਕ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਉਸ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਇਸ ਘਟਨਾ ਦੇ ਸਬੰਧ ਵਿੱਚ



ਇੱਕ ਪੁਰਸ਼ ਤੇ ਇੱਕ ਮਹਿਲਾ ਨੂੰ ਉਸੇ ਦਿਨ ਸਵੇਰੇ 10:00 ਵਜੇ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਪੁਲਿਸ ਹਿਰਾਸਤ ਵਿੱਚ ਹਨ।


ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਨੇ ਵੀ ਟਵਿੱਟਰ ਉੱਤੇ ਲਿਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਬੇਹੱਦ ਦੁੱਖ ਹੈ ਕਿ ਆਰਸੀਐਮਪੀ ਕਾਂਸਟੇਬਲ ਸ਼ੈਲਬੀ ਪੈਟਨ ਆਪਣਾ ਫਰਜ਼ ਨਿਭਾਉਂਦਿਆਂ ਹੋਇਆਂ ਸਾਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਾ ਗਿਆ। ਅਸੀਂ ਨਾ ਸਿਰਫ ਪੈਟਨ ਸਗੋਂ ਹਰੇਕ ਪੁਲਿਸ ਅਧਿਕਾਰੀ ਦੇ ਸ਼ੁਕਰਗੁਜ਼ਾਰ ਹਾਂ ਜਿਹੜੇ ਸਾਡੀ ਹਿਫਾਜ਼ਤ ਲਈ ਆਪਣੀਆਂ ਜਾਨਾਂ ਤੱਕ ਦੀ ਪਰਵਾਹ ਨਹੀਂ ਕਰਦੇ। ਕੈਨੇਡਾ ਦੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਵੀ ਕਾਂਸਟੇਬਲ ਪੈਟਨ ਦੀ ਮੌਤ ਉੱਤੇ ਦੁੱਖ ਪ੍ਰਗਟਾਇਆ।

# ਕੈਨੇਡਾ-ਅਮਰੀਕਾ ਸਰਹੱਦ ਨੂੰ ਮੁੜ ਖੋਲ੍ਹਣ ਬਾਰੇ ਟਰੂਡੋ, ਬਾਇਡਨ ਨੇ ਕੀਤੀ ਗੱਲਬਾਤ

ਕੈਰਬਿਸ ਬੇਅ, ਕੌਰਨਵਾਲ, ਇੰਗਲੈਂਡ, 17 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਅੱਜ ਦੋਵਾਂ ਦੇਸ਼ਾਂ ਦਰਮਿਆਨ ਲੰਮੇਂ ਸਮੇਂ ਤੋਂ ਬੰਦ ਪਈ ਸਰਹੱਦ ਬਾਰੇ ਵਿਚਾਰ ਚਰਚਾ ਕੀਤੀ। ਇਹ ਦੋਵੇਂ ਆਗੂ ਇਸ ਸਮੇਂ ਕੌਮਾਂਤਰੀ ਆਗੂਆਂ ਦੀ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਇੰਗਲੈਂਡ ਵਿੱਚ ਹਨ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇੱਕ ਕੈਨੇਡੀਅਨ ਅਧਿਕਾਰੀ ਨੇ ਦੱਸਿਆ ਕਿ ਦੋਵਾਂ ਆਗੂਆਂ ਨੇ ਜੀ-7 ਆਗੂਆਂ ਨਾਲ ਹੋਰਨਾਂ ਮੁੱਦਿਆਂ ਉੱਤੇ ਗੱਲਬਾਤ ਦਰਮਿਆਨ ਕੈਨੇਡਾ ਤੇ ਅਮਰੀਕਾ ਦੀ ਸਰਹੱਦ, ਜੋ ਕਿ ਕੋਵਿਡ-19 ਮਹਾਂਮਾਰੀ ਦੇ ਪਸਾਰ ਨੂੰ ਅਗਾਂਹ ਫੈਲਣ ਤੋਂ ਰੋਕਣ ਲਈ ਲੰਮੇਂ ਸਮੇਂ ਤੋਂ ਬੰਦ ਪਈ ਹੈ, ਬਾਰੇ ਵੀ ਗੱਲਬਾਤ ਕੀਤੀ। ਹੁਣ ਜਦੋਂ ਦੋਵਾਂ ਪਾਸਿਆਂ ਉੱਤੇ ਲੋਕਾਂ ਨੂੰ ਵੱਧ ਤੋਂ ਵੱਧ ਵੈਕਸੀਨੇਟ ਕੀਤਾ ਜਾ ਰਿਹਾ ਹੈ, ਅਜਿਹੇ ਵਿੱਚ ਦੋਵਾਂ ਪਾਸਿਆਂ ਦੀਆਂ ਸਰਕਾਰਾਂ ਤੋਂ ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਸਰਹੱਦ ਹੋਰ ਕਿੰਨੀ ਦੇਰ ਲਈ ਬੰਦ ਰਹੇਗੀ ਤੇ ਕੀ ਹੋਰਨਾਂ ਲੋਕਾਂ ਨੂੰ ਇਨ੍ਹਾਂ ਗਰਮੀਆਂ ਵਿੱਚ ਸਰਹੱਦ ਪਾਰ ਕਰਨ ਦੀ ਇਜਾਜ਼ਤ ਮਿਲੇਗੀ?


ਅਧਿਕਾਰੀ ਨੇ ਆਖਿਆ ਕਿ ਬਾਇਡਨ ਤੇ ਟਰੂਡੋ ਨੇ ਇਸ ਦੌਰਾਨ ਦੋਵਾਂ ਦੇਸ਼ਾਂ ਵੱਲੋਂ ਅਹਿਤਿਆਤਨ ਸਰਹੱਦ ਨੂੰ ਹੌਲੀ ਹੌਲੀ ਖੋਲ੍ਹੇ ਜਾਣ ਬਾਰੇ ਚਰਚਾ ਕੀਤੀ। ਬਾਇਡਨ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਦੋਵਾਂ ਆਗੂਆਂ ਨੇ ਪਹਿਲੀ ਵਾਰੀ ਇਨ ਪਰਸਨ ਗੱਲ ਕੀਤੀ। ਇਸ ਦੇ ਨਾਲ ਹੀ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨ ਨਾਗਰਿਕਾਂ ਬਾਰੇ ਵੀ ਗੱਲ ਕੀਤੀ ਗਈ।




# ਵਿਕਾਸਸ਼ੀਲ ਦੇਸ਼ਾਂ ਨੂੰ ਕੋਵਿਡ-19 ਵੈਕਸੀਨ ਦੀਆਂ 13 ਮਿਲੀਅਨ ਡੋਜ਼ਾਂ ਡੋਨੇਟ ਕਰੇਗਾ ਕੈਨੇਡਾ : ਟਰੂਡੋ

ਕੈਰਬਿਸ ਬੇਅ, ਯੂਨਾਈਟਿਡ ਕਿੰਗਡਮ, 17 ਜੂਨ (ਪੋਸਟ ਬਿਊਰੋ) : ਬ੍ਰਿਟੇਨ ਵਿੱਚ ਖ਼ਤਮ ਹੋਈ ਤਿੰਨ ਰੋਜ਼ਾ ਜੀ-7 ਸਿਖਰ ਵਾਰਤਾ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 13 ਮਿਲੀਅਨ ਕੋਵਿਡ-19 ਵੈਕਸੀਨ ਦੀਆਂ ਡੋਜ਼ਾਂ ਵਿਕਾਸਸ਼ੀਲ ਦੇਸ਼ਾਂ ਨੂੰ ਦੇਣ ਦਾ ਤਹੱਈਆ ਪ੍ਰਗਟਾਇਆ। ਇਸ ਸਿਖਰ ਵਾਰਤਾ ਦੌਰਾਨ ਮਹਾਂਮਾਰੀ, ਕਲਾਈਮੇਟ ਚੇਂਜ ਤੇ ਚੀਨ ਨਾਲ ਸਬੰਧਤ ਮੁੱਦੇ ਵਿਚਾਰੇ ਗਏ।

ਇਸ ਤੋਂ ਪਹਿਲਾਂ ਕੈਨੇਡਾ ਨੇ ਮਹਾਂਮਾਰੀ ਨਾਲ ਲੜਨ ਲਈ ਗਰੀਬ ਦੇਸ਼ਾਂ ਨੂੰ ਵੈਕਸੀਨ ਦੀਆਂ 100 ਮਿਲੀਅਨ ਡੋਜ਼ਾਂ ਦੇਣ ਦੀ ਪੇਸ਼ਕਸ਼ ਕੀਤੀ ਸੀ ਪਰ ਜੀ-7 ਮੁਲਕਾਂ ਵਿੱਚੋਂ ਸਿਰਫ ਕੈਨੇਡਾ ਹੀ ਅਜਿਹਾ ਦੇਸ਼ ਸੀ ਜਿਸਨੇ ਇਹ ਸਪਸ਼ਟ ਨਹੀਂ ਕੀਤਾ ਕਿ ਇਸ ਵਿੱਚੋਂ ਡੋਜ਼ਾਂ ਕਿੰਨੀਆਂ ਹੋਣਗੀਆਂ ਤੇ ਕਿੰਨੀ ਆਰਥਿਕ ਮਦਦ ਹੋਵੇਗੀ। ਐਤਵਾਰ ਨੂੰ ਟਰੂਡੋ ਨੇ ਆਖਿਆ ਕਿ 13 ਮਿਲੀਅਨ ਸ਼ੌਟਸ, ਜੋ ਕਿ ਸਾਡੇ ਕੋਲ ਵਾਧੂ ਪਏ ਹਨ, ਤੋਂ ਇਲਾਵਾ ਕੈਨੇਡਾ ਨੇ 87 ਮਿਲੀਅਨ




ਡੋਜ਼ਾਂ ਖਰੀਦਕੇ ਵੰਡਣ ਲਈ ਪਹਿਲਾਂ ਹੀ ਅਦਾਇਗੀ ਕਰ ਦਿੱਤੀ ਹੈ ਤੇ ਇਹ ਡੋਜ਼ਾਂ ਐਕਟ ਐਕਸੈਲਰੇਟਰ ਨੂੰ ਭੇਜੀਆਂ ਜਾ ਚੁੱਕੀਆਂ ਹਨ। ਐਕਟ ਐਕਸੈਲਰੇਟਰ ਅਜਿਹਾ ਪ੍ਰੌਗਰਾਮ ਹੈ ਜਿਹੜਾ ਯਕੀਨੀ ਬਣਾਉਂਦਾ ਹੈ ਕਿ ਪੂਰੀ ਦੁਨੀਆਂ ਦੀ ਪਹੁੰਚ ਕੋਵਿਡ-19 ਟੈਸਟਿੰਗ, ਟਰੀਟਮੈਂਟਸ ਤੇ ਵੈਕਸੀਨਜ਼ ਤੱਕ ਹੋਵੇ।

ਸਿਖਰ ਵਾਰਤਾ ਦੀ ਸਮਾਪਤੀ ਉੱਤੇ ਰੱਖੀ ਗਈ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਇੱਥੇ ਕੀਤੇ ਗਏ ਵਾਅਦੇ ਮੁਤਾਬਕ ਪਹਿਲਾਂ ਹੀ ਵੈਕਸੀਨ ਦੀਆਂ ਡੋਜ਼ਾਂ ਲੋੜਵੰਦ ਦੇਸ਼ਾਂ ਨੂੰ ਭੇਜੀਆਂ ਜਾ ਚੁੱਕੀਆਂ ਹਨ ਤੇ ਹੁਣ ਤੱਕ ਉੱਥੇ ਪਹੁੰਚਣ ਵੀ ਵਾਲੀਆਂ ਹੋਣਗੀਆਂ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਬਾਕੀ ਡੋਜ਼ਾਂ ਕਦੋਂ ਤੱਕ ਪਹੁੰਚਣਗੀਆਂ।

ਬਾਅਦ ਵਿੱਚ ਪ੍ਰਧਾਨ ਮੰਤਰੀ ਦੇ ਆਫਿਸ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਅਨੁਸਾਰ ਡੋਨੇਟ ਕੀਤੀਆਂ ਗਈਆਂ ਸੱਤ ਮਿਲੀਅਨ ਡੋਜ਼ਾਂ ਫਾਰਮਾਸਿਊਟੀਕਲ ਕੰਪਨੀ ਨੋਵਾਵੈਕਸ ਦੀਆਂ ਹਨ। ਨੋਵਾਵੈਕਸ ਉਹ ਫਰਮ ਹੈ ਜਿਸਦੀ ਵੈਕਸੀਨ ਅਜੇ ਕਲੀਨਿਕਲ ਟ੍ਰਾਇਲ ਵਿੱਚ ਹੀ ਹੈ ਤੇ ਅਜੇ ਇਸ ਵੈਕਸੀਨ ਦੀ ਕੈਨੇਡਾ ਵਿੱਚ ਵਰਤੋਂ ਦੀ ਮਨਜ਼ੂਰੀ ਨਹੀਂ ਮਿਲੀ ਹੈ। ਬਾਕੀ ਡੋਨੇਟ ਕੀਤੀਆਂ ਗਈਆਂ ਵੈਕਸੀਨਜ਼ ਵਿੱਚ ਆਕਸਫੋਰਡ-ਐਸਟ੍ਰਾਜ਼ੈਨੇਕਾ ਤੇ ਜੌਹਨਸਨ ਐਂਡ ਜੌਹਨਸਨ ਦੀਆਂ ਡੋਜ਼ਾਂ ਸ਼ਾਮਲ ਹਨ।



# ਫਿਲਮੀ ਦੁਨੀਆ

## ਅਜੈ ਦੇਵਗਨ ਦੇ ਆਪੋਜ਼ਿਟ 'ਰੁਦਰ' ਵਿੱਚ ਨਜ਼ਰ ਆਏਗੀ ਰਾਸ਼ੀ





ਕੁਝ ਸਮਾਂ ਪਹਿਲਾਂ ਖਬਰ ਆਈ ਸੀ ਕਿ ਅਜੈ ਦੇਵਗਨ ਦੀ ਆਉਣ ਵਾਲੀ ਵੈੱਬ ਸੀਰੀਜ 'ਰੁਦਰ : ਦ ਏਜ ਆਫ ਡਾਰਕਨੈਸ' ਨਾਲ ਓ ਟੀ ਟੀ ਪਲੇਟਫਾਰਮ ਉੱਤੇ ਡੈਬਿਊ ਕਰਨਗੇ। ਇਹ ਵੈੱਬ ਸੀਰੀਜ਼ 21 ਜੁਲਾਈ ਨੂੰ ਫਲੋਰ ਉੱਤੇ ਜਾਏਗੀ ਤੇ ਦੋ ਮਹੀਨੇ ਤੱਕ ਮੁੰਬਈ ਦੀਆਂ ਵੱਖ-ਵੱਖ ਲੋਕੇਸ਼ਨਾਂ ਉੱਤੇ ਇਸ ਨੂੰ ਸ਼ੂਟ ਕੀਤਾ ਜਾਏਗਾ। ਇਸ ਵਿੱਚ ਦੱਖਣ ਭਾਰਤੀ ਅਭਿਨੇਤਰੀ ਰਾਸ਼ੀ ਖੰਨਾ ਅਜੈ ਦੇਵਗਨ ਦੇ ਆਪੋਜ਼ਿਟ ਨਜ਼ਰ ਆਏਗੀ। ਇਹ ਸੀਰੀਜ਼ ਬ੍ਰਿਟਿਸ਼ ਸਾਇਕੋਲਾਜੀਕਲ ਕਰਾਈਮ ਡਰਾਮਾ 'ਲੂਥਰ' ਦੀ ਹਿੰਦੀ ਰੀਮੇਕ ਹੈ, ਜਿਸ ਵਿੱਚ ਇਦ੍ਰਿਸ ਏਲਬਾ ਨੇ ਲੀਡ ਰੋਲ ਕੀਤਾ ਸੀ। ਅਜੈ ਦੇਵਗਨ ਸਾਊਥ ਦੀ ਬਲਾਕਬਾਸਟਰ ਫਿਲਮ 'ਕੈਥੀ' ਦਾ ਹਿੰਦੀ ਰੀਮੇਕ ਬਣਾਉਣ ਦੀ ਵੀ ਤਿਆਰੀ ਕਰ ਰਹੇ ਹਨ। ਸੂਤਰਾਂ ਮੁਤਾਬਕ ਇਸ ਵਿੱਚ ਅਜੈ ਦੇ ਆਪੋਜ਼ਿਟ ਕਾਜਲ ਅਗਰਵਾਲ ਦੀ ਐਂਟਰੀ ਹੋਣ ਵਾਲੀ ਹੈ। ਅਜੈ ਇਸ ਵਿੱਚ ਕਾਰਤਿਕ ਨਾਂਅ ਦਾ ਕਿਰਦਾਰ ਨਿਭਾਉਂਦੇ ਹੋਏ ਨਜ਼ਰ ਆਉਣਗੇ।

## ਪ੍ਰਭਾਸ ਦੀ ਫਿਲਮ ਲਈ ਦੀਪਿਕਾ ਨੇ ਘੱਟ ਕੀਤੀ ਫੀਸ



ਅਭਿਨੇਤਰੀ ਦੀਪਿਕਾ ਪਾਦੁਕੋਣ ਜਲਦੀ ਹੀ ਸਾਊਥ ਸਟਾਰ ਪ੍ਰਭਾਸ ਨਾਲ ਸਿਲਵਰ ਸਕਰੀਨ ਉੱਤੇ ਨਜ਼ਰ ਪਵੇਗੀ। ਇਹ ਫਿਲਮ ਡਾਇਰੈਕਟਰ ਨਾਗ ਅਸ਼ਵਿਨ ਬਣ ਰਹੇ ਹਨ। ਦੀਪਿਕਾ ਫਿਲਮ ਬਾਰੇ ਸ਼ੁਰੂ ਤੋਂ ਕਾਫੀ ਉਤਸ਼ਾਹਤ ਰਹੀ ਹੈ। ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਵਿੱਚ ਫਿਲਹਾਲ ਸਮਾਂ ਹੈ। ਇਸ ਦੌਰਾਨ ਇਸ ਨਾਲ ਜੁੜੀ ਖਬਰ ਸਾਹਮਣੇ ਆਈ ਹੈ ਕਿ ਦੀਪਿਕਾ ਨੇ ਫਿਲਮ ਦੇ ਲਈ ਆਪਣੀ ਫੀਸ ਘਟਾ ਦਿੱਤੀ ਹੈ।

ਇਸ ਫਿਲਮ ਲਈ ਦੀਪਿਕਾ ਕੁੱਲ ਅੱਠ ਕਰੋੜ ਰੁਪਏ ਹੀ ਚਾਰਜ ਕਰ ਰਹੀ ਹੈ, ਜਦ ਕਿ ਇਸ ਤੋਂ ਪਹਿਲਾਂ ਫਿਲਮ 'ਪਦਮਾਵਤ' ਲਈ ਉਸ ਨੇ ਕਰੀਬ 12-13 ਕਰੋੜ ਰੁਪਏ ਚਾਰਜ ਕੀਤੇ ਸਨ। ਇਸ ਦੇ ਮੁਕਾਬਲੇ ਪ੍ਰਭਾਸ ਦੀ ਫਿਲਮ ਦੇ ਲਈ ਦੀਪਿਕਾ ਪਾਦੁਕੋਣ ਦੀ ਫੀਸ ਕਾਫੀ ਘੱਟ ਹੈ। ਬਾਵਜੂਦ ਇਸ ਦੇ ਕਿ ਅਭਿਨੇਤਰੀ ਦੇ ਸਟਾਰਡਮ ਵਿੱਚ ਕਿਸੇ ਪਾਸਿਓਂ ਵੀ ਕੋਈ ਕਮੀ ਨਹੀਂ ਆਈ ਹੈ।

## ਤੁਰਕੀ ਵਿੱਚ ਫਿਲਮ 'ਕਜ਼ਾਖ' ਦੀ ਸ਼ੂਟਿੰਗ ਕਰ ਰਹੀ ਹੈ ਅਵਿਕਾ ਗੌੜ



ਅਦਾਕਾਰਾ ਅਵਿਕਾ ਗੌੜ ਤੁਰਕੀ ਵਿੱਚ ਫਿਲਮ 'ਕਜ਼ਾਖ' ਦੀ ਸ਼ੂਟਿੰਗ ਕਰ ਰਹੀ ਹੈ। ਉਸ ਨੇ ਕਿਹਾ ਕਿ ਉਸ ਨੇ ਇਸ ਸੋਹਣੀ ਥਾਂ ਫਿਲਮਾਂਕਣ ਦੌਰਾਨ ਸ਼ਾਨਦਾਰ ਸਮਾਂ ਬਿਤਾਇਆ। ਅਵਿਕਾ ਨੇ ਕਿਹਾ, "ਫਿਲਮ ਦੀ ਸ਼ੂਟਿੰਗ ਬਹੁਤ ਮਜ਼ੇ ਵਾਲੀ ਸੀ। ਤੁਰਕੀ ਵਿੱਚ ਸ਼ਾਨਦਾਰ ਸਮਾਂ ਬਤੀਤ ਕੀਤਾ। ਇਹ ਮੇਰੀ ਪਹਿਲੀ ਕਜ਼ਾਖਸਤਾਨੀ ਫਿਲਮ ਹੈ। ਸੈਟ ਉੱਤੇ ਮੌਜੂਦ ਹਰ ਵਿਅਕਤੀ ਨੇ ਮੇਰਾ ਬਹੁਤ ਜ਼ਿਆਦਾ ਖਿਆਲ ਰੱਖਿਆ ਅਤੇ ਜਦੋਂ ਅਸੀਂ ਸ਼ੂਟਿੰਗ ਕਰ ਰਹੇ ਸਾਂ, ਉਨ੍ਹਾਂ ਨੇ ਮੈਨੂੰ ਆਸ-ਪਾਸ ਦੀਆਂ ਥਾਵਾਂ ਦਿਖਾਈਆਂ।"

ਉਸ ਨੇ ਕਿਹਾ, "ਅਸੀਂ ਰਿਲੀਜ਼ ਦੀ ਤਰੀਕ ਦਾ ਇੰਤਜ਼ਾਰ ਕਰ ਰਹੇ ਹਾਂ, ਜੋ ਜਲਦੀ ਤੈਅ ਹੋਣੀ ਚਾਹੀਦੀ ਹੈ। ਮੇਰੇ ਨਿਰਮਾਤਾ ਐਲਪਾਮਿਸ ਅਤੇ ਨੂਰਲਨ ਕੋਯਾਨਬਾਇਯੇਵ ਦਾ ਸ਼ਾਨਦਾਰ ਮੇਜ਼ਬਾਨੀ ਕਰਨ ਅਤੇ ਪੂਰੀ ਸ਼ੂਟਿੰਗ ਦੌਰਾਨ ਮੇਰੀ ਮਦਦ ਕਰਨ ਲਈ ਵਿਸ਼ੇਸ਼ ਧੰਨਵਾਦ। ਇਹ ਇੱਕ ਕਾਮੇਡੀ ਫਿਲਮ ਹੈ, ਜੋ ਜਲਦੀ ਰਿਲੀਜ਼ ਹੋਵੇ ਜਾਵੇਗੀ। ਤੁਰਕੀ ਦਾ ਅਦਾਕਾਰ ਕਾਦਿਰ ਡੋਗਲੂ ਵੀ ਇਸ ਪ੍ਰੋਜੈਕਟ ਦਾ ਹਿੱਸਾ ਹੈ।"

## ਸੁਪਰ ਸਟਾਰ ਚਿਰੰਜੀਵੀ ਨਾਲ ਪਹਿਲੀ ਵਾਰ ਕੰਮ ਕਰੇਗੀ ਵਿਦਿਆ



ਖਬਰ ਹੈ ਕਿ ਵਿਦਿਆ ਬਾਲਨ ਸਾਊਥ ਦੇ ਸੁਪਰ ਸਟਾਰ ਚਿਰੰਜੀਵੀ ਨਾਲ ਇੱਕ ਫਿਲਮ ਕਰਨ ਵਾਲੀ ਹੈ। ਸੂਤਰਾਂ ਮੁਤਾਬਕ ਚਿਰੰਜੀਵੀ ਦੀ ਅਗਲੀ ਬਹੁ-ਚਰਚਿਤ ਫਿਲਮ 'ਲੂਸਿਫਰ' ਦੇ ਮੇਕਰਸ ਨੇ ਫਿਲਮ ਦਾ ਅਹਿਮ ਕਿਰਦਾਰ ਕਰਨ ਲਈ ਵਿਦਿਆ ਨਾਲ ਸੰਪਰਕ ਕੀਤਾ ਹੈ। ਨਿਰਮਾਤਾਵਾਂ ਨੇ ਉਨ੍ਹਾਂ ਨੂੰ ਫਿਲਮ ਵਿੱਚ ਸਾਈਨ ਕਰਨ ਦਾ ਮਨ ਬਣਾ ਲਿਆ ਹੈ।

ਚਰਚਾ ਹੈ ਕਿ ਉਨ੍ਹਾਂ ਨੂੰ ਇਸ ਫਿਲਮ ਵਿੱਚ ਚਿਰੰਜੀਵੀ ਦੀ ਭੈਣ ਦਾ ਕਿਰਦਾਰ ਨਿਭਾਉਣ ਦੇ ਲਈ ਅਪਰੋਚ ਕੀਤਾ ਗਿਆ ਹੈ। ਉਨ੍ਹਾਂ ਨੂੰ ਜਿਸ ਕਿਰਦਾਰ ਲਈ ਚੁਣਿਆ ਗਿਆ ਹੈ, ਉਸ ਤੋਂ ਪਹਿਲਾ ਨੈਨਤਾਰਾ, ਰਾਧਿਆ ਅਤੇ ਜੈਨੇਲੀਆ ਦਾ ਨਾਂਅ ਵੀ ਸਾਹਮਣੇ ਆ ਚੁੱਕਾ ਹੈ, ਪਰ ਇਸ ਦੇ ਲਈ ਵਿਦਿਆ ਦਾ ਨਾਂਅ ਲਗਭਗ ਤੈਅ ਮੰਨਿਆ ਜਾ ਰਿਹਾ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵਿਦਿਆ ਨੂੰ ਫਿਲਮ ਦੀ ਕਹਾਣੀ ਅਤੇ ਇਸ ਵਿੱਚ ਆਪਣਾ ਕਿਰਦਾਰ ਬਹੁਤ ਪਸੰਦ ਆਇਆ ਹੈ। ਉਨ੍ਹਾਂ ਨੇ ਇਸ ਦਾ ਹਿੱਸਾ ਬਣਨ ਦੇ ਲਈ ਰਜ਼ਾਮੰਦੀ ਦੇ ਦਿੱਤੀ ਹੈ।



## ਮੈਂ 'ਹਸੀਨ ਦਿਲਰੁਬਾ' ਲਈ ਪਹਿਲੀ ਪਸੰਦ ਨਹੀਂ ਸੀ : ਤਾਪਸੀ



ਤਾਪਸੀ ਪੰਨੂ ਦੀ ਫਿਲਮ 'ਹਸੀਨ ਦਿਲਰੁਬਾ' ਓ ਟੀ ਟੀ ਪਲੇਟਫਾਰਮ ਨੈੱਟਫਲਿਕਸ ਉੱਤੇ ਰਿਲੀਜ਼ ਲਈ ਤਿਆਰ ਹੈ। ਪਿਛਲੇ ਸ਼ੁੱਕਰਵਾਰ ਫਿਲਮ ਦਾ ਟ੍ਰੇਲਰ ਸਾਹਮਣੇ ਆਇਆ। ਅਭਿਨੇਤਰੀ ਤਾਪਸੀ ਪਨੂੰ ਨੇ ਖੁਲਾਸਾ ਕੀਤਾ ਹੈ ਕਿ ਉਹ ਇਸ ਮਰਡਰ ਮਿਸਟਰੀ ਲਈ ਪਹਿਲੀ ਪਸੰਦ ਨਹੀਂ ਸੀ। ਉਸ ਨੇ ਦੱਸਿਆ, "ਜਿਸ ਦਿਨ ਮੈਂ ਰਾਈਟਰ ਕਨਿਕਾ ਢਿੱਲੋਂ ਤੋਂ 'ਹਸੀਨ ਦਿਲ-ਰੁਬਾ' ਦੀ ਕਹਾਣੀ ਸੁਣੀ ਸੀ, ਉਸੇ ਦਿਨ ਤੋਂ ਮੈਨੂੰ ਇਹ ਪਸੰਦ ਸੀ। ਬਦਕਿਸਮਤੀ ਨਾਲ ਮੈਂ ਫਿਲਮ ਦੇ ਲਈ ਪਹਿਲੀ ਪਸੰਦ ਨਹੀਂ ਸੀ। ਇਹ ਮੇਰੇ ਕੋਲ ਤਦ ਆਈ, ਜਦ ਮੇਕਰਸ ਕੋਲ ਕੋਈ ਦੂਸਰਾ ਆਪਸ਼ਨ ਨਹੀਂ ਬਚਿਆ ਸੀ।"


**Dr. Randhawa Dentistry**

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd
Mcvean Dr
Gore Rd
DENTISTRY
Squire Ellis Dr
Countryside Dr



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866

31 Melanie Dr. Unit #4 Brampton, ON L6T 5H8

FOR SALE
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,449,995
COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਿਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਟ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਫਿਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ

SOLD
$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੇਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

Century 21

President Realty Inc
Brokerage*
Independently Owned and Operated.

## Jagdish Grewal

Sales Repersentative

**Call Now: (416)-970-5005**

Email: Jagdish@grewalhomes.com

ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ






Main & Vodden

2+1 ਬੈੱਡਰੂਮ ਬੰਗਲੋ 40x125 Sqft
ਗੋ ਟਰਾਂਸਿਟ ਅਤੇ ਸਕੂਲ ਵਾਕਿੰਗ
ਡਿਸਟੈਂਸ ਤੇ,ਅਤੇ ਹੋਰ ਵੀ ਬਹੁਤ
ਸਾਰੀਆਂ ਸਹੂਲਤਾਂ ਦੇ ਨੇੜੇ !
ਕੀਮਤ $599,900




Bramalea And Avondale

3 + 1 ਬੈੱਡਰੂਮ ਘਰ ਦੇ ਵਿਚਕਾਰ ਬਿਲਟ
ਇਨ ਫੈਮਿਲੀ ਸਾਈਜ ਕਿਚਨ ਅਪਗ੍ਰੇਡ ਤੇ ਹਜਾਰਾਂ ਡਾਲਰ
ਖਰਚ ਕੀਤੇ ਹੋਏ ,ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ
ਦੇ ਨੇੜੇ !
ਕੀਮਤ $ 859,900




Hwy 10/ Col Phillip

4+1 ਬੈੱਡਰੂਮ,2800 sqft. ਡਬਲ ਡੋਰ ਐਂਟਰੀ ,ਵੱਖਰੇ
ਲਿਵਿੰਗ ਰੂਮ & ਫੈਮਿਲੀ ਰੂਮ ,ਮੀਡਿਆ ਰੂਮ,
ਅਪਗ੍ਰੇਡ ਲਾਈਟ ਫਿਕਸਚਰ !
ਕੀਮਤ $ 899,000




Mavis & Derry

3 +2 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ
ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ
ਕਿਚਨ, ਸਕੂਲ , ਸ਼ੋਪਿੰਗ ਮਾਲ ਅਤੇ ਬੱਸ ਸਰਵਿਸ
ਦੇ ਨੇੜੇ !
ਕੀਮਤ $ 980,000




Wanless Dr/ Van Kirk Dr

4+ 2 ਬੈੱਡਰੂਮ detached ਘਰ, 3500 sqft.,ਵਾਕਆਉਟ
ਬੇਸਮੈਂਟ,ਸੈਪਰੇਟ ਲਿਵਿੰਗ ਰੂਮ ,ਫੋਰਮਲ ਡਾਈਨਿੰਗ ਰੂਮ,
ਫੈਮਿਲੀ ਰੂਮਅਤੇ ਫਾਇਰਪ੍ਲੇਸ, ਗਰੇਨਾਇਟ ਕਾਊਂਟਰ,ਨਵਾਂ ਰੰਗ
ਕੀਤਾ ਹੋਇਆ,
ਕੀਮਤ $ 1,299,900.

# Buying / Selling / Investing In Real Estate

Free Market Evaluation

For More Listings Contact Now !!

## (416) 970-5005

**www.vipcondonetwork.com**

80 Maritime Ontario Blvd #246 Brampton , ON, L6S 0E7 Call:905-488-2100 Fax: 905-488-2102



## Jas Toor

Sales Repersentative

Sutton Group-Realty Experts
Brokerage*
Independently Owned and Operated.

**Call Now: (647)-242-8667**

**Email- RealtorJasToor@gmail.com**

## Jagdish Grewal

Sales Repersentative

Century 21 President Realty Inc
Brokerage*
Independently Owned and Operated.

**Call Now: (416)-970-5005**

**Email- Jagdish@grewalhomes.com**



Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

**Free Market Evaluation**

**-Buy**
**-Sell**
**-Invest**

**Call Now:(647) 242-8667**
**(416) 970-5005**

